

ਸਮੁੰਦ ਸਾਗਰ

ਭਾਈ ਸਮੁੰਦ ਸਿੰਘ ਜੀ ਦੁਆਰਾ ਗਾਏ ਸ਼ਬਦਾਂ ਦੀਆਂ ਰੀਤਾਂ ਦਾ ਸੰਗ੍ਰਹਿ

ਪ੍ਰੋ. ਪਰਮਜੋਤ ਸਿੰਘ

ਸਮੁੰਦ ਸਾਗਰ

ਭਾਈ ਸਮੁੰਦ ਸਿੰਘ ਜੀ ਦੁਆਰਾ ਗਾਏ
ਸ਼ਬਦਾਂ ਦੀਆਂ ਰੀਤਾਂ ਦਾ ਸੰਗ੍ਰਹਿ

ਆਪਿ ਸਮੁੰਦੁ ਆਪਿ ਹੈ ਸਾਗਰੁ

ਸਮੁੰਦ ਸਾਗਰ

ਭਾਈ ਸਮੁੰਦ ਸਿੰਘ ਜੀ ਦੁਆਰਾ ਗਾਏ
ਸ਼ਬਦਾਂ ਦੀਆਂ ਰੀਤਾਂ ਦਾ ਸੰਗ੍ਰਹਿ

ਪ੍ਰੋ. ਪਰਮਜੋਤ ਸਿੰਘ

ਸਿੰਘ ਬ੍ਰਦਰਜ਼
ਅੰਮ੍ਰਿਤਸਰ

SAMUND SAGAR

[Musical notations of hymns sung by Bhai Samund Singh]

by

PROF. PARAMJOT SINGH

Retd. Officer Incharge,

Punjab & Sind Bank Devotional Musical Archives, Jalandhar

Director,

Bhai Samund Singh Gurmat Sangeet Academy, GGS Study Circle, Ludhiana.

Dean,

Swar Samund Kirtan Academy (Sukrit Trust), Mullanpur (Ludhiana)

Mobile : 94171-16419

ISBN 81-7205-468-8

ਪਹਿਲੀ ਵਾਰ ਜੂਨ 2011

ਮੁੱਲ : 250-00 ਰੁਪਏ

ਪ੍ਰਕਾਸ਼ਕ :

ਸਿੰਘ ਬ੍ਰਦਰਜ਼

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

E-mail : singhbro@vsnl.com

Website : www.singhbrothers.com

ਛਾਪਕ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਸਮਰਪਣ

ਸਤਿਕਾਰਯੋਗ ਪਿਤਾ ਗਿਆਨੀ ਇੰਦਰ ਸਿੰਘ ਜੀ

ਜਿਨ੍ਹਾਂ ਨੇ ਮੈਨੂੰ ਭਾਈ ਸਮੁੰਦ ਸਿੰਘ ਜੀ

ਦੇ ਚਰਨਾਂ ਵਿਚ ਆਪ ਬਿਠਾ ਕੇ

ਉਨ੍ਹਾਂ ਦੀ ਵਿਸ਼ਾਲ ਗ਼ਾਇਣ ਸ਼ੈਲੀ ਨੂੰ ਕਿਣਕਾ-ਮਾਤਰ

ਅੰਤਰ-ਆਤਮੇ ਵਸਾਉਣ ਦਾ ਸੁਭਾਗ ਸਮਾਂ

ਪ੍ਰਦਾਨ ਕਰਵਾਇਆ।

ਤਤਕਰਾ

ਪੁਸਤਕ-ਪਰਿਚੈ

ਧਰਮ ਅਤੇ ਸੰਗੀਤ ਦਾ ਰਿਸ਼ਤਾ ਅਟੁੱਟ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਗੀਤ ਨੂੰ ਗੁਰਬਾਣੀ ਦਾ ਵਾਹਨ ਬਣਾ ਕੇ ਪ੍ਰਗਟਾਇਆ। ਰਾਗ-ਬੱਧ ਬਾਣੀ ਰਚ ਕੇ ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੀ ਬਖ਼ਸ਼ਿਸ਼ ਵਰਤਾਈ। ਰਾਗ ਕੇਵਲ ਸਾਧਨਾ ਨਾਲ ਹੀ ਗਾਇਆ ਜਾ ਸਕਦਾ ਹੈ ਤੇ ਸਾਧਕ ਲੰਮੀ ਸਾਧਨਾ ਤੇ ਰਿਆਜ਼ ਨਾਲ ਆਨੰਦ ਪ੍ਰਾਪਤ ਕਰ ਸਕਦਾ ਹੈ।

ਜਵੱਦੀ ਟਕਸਾਲ ਦੇ ਮੁਖੀ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਗੁਰਮਤਿ ਸੰਗੀਤ ਦੇ ਰਾਗਾਂ ਦੇ ਸਰੂਪ ਨੂੰ ਨਿਸਚਿਤ ਕਰਨ ਲਈ 1991 ਵਿੱਚ ਜਿਹੜੀ ਨਿਰਣਾਇਕ ਕਮੇਟੀ ਬਣਾਈ, ਉਸ ਵਿੱਚ ਪ੍ਰੋ. ਪਰਮਜੋਤ ਸਿੰਘ ਜੀ ਦੀਆਂ ਵਡਮੁੱਲੀਆਂ ਸੇਵਾਵਾਂ ਲਈਆਂ। ਉਨ੍ਹਾਂ ਨੇ ਸਿੱਖ ਕੌਮ ਦੇ ਪ੍ਰਮੁੱਖ ਕੀਰਤਨੀਏ ਭਾਈ ਸਮੁੰਦ ਸਿੰਘ ਜੀ ਦੁਆਰਾ ਸ਼ੁੱਧ ਰੂਪ ਵਿੱਚ ਗਾਏ ਰਾਗ ਕਾਨੜਾ ਤੇ ਪ੍ਰਭਾਤੀ ਦੇ ਸਰੂਪਾਂ ਨੂੰ ਪ੍ਰਵਾਨਿਤ ਕੀਤਾ।

ਭਾਈ ਸਮੁੰਦ ਸਿੰਘ ਜੀ ਦੀ ਗਾਇਨ ਸ਼ੈਲੀ ਵਿੱਚ ਸਮੁੰਦਰ ਵਰਗੀ ਗਹਿਰਾਈ ਹੈ ਤੇ ਉਨ੍ਹਾਂ ਦੀ ਆਵਾਜ਼ ਵਿੱਚ ਇਕ ਬੇਬਾਕ ਸਾਧਕ ਦੀ ਝਲਕ ਵਿਸ਼ੇਸ਼ ਰੂਪ ਵਿੱਚ ਅਨੁਭਵ ਕੀਤੀ ਜਾ ਸਕਦੀ ਹੈ। ਪ੍ਰੋ. ਪਰਮਜੋਤ ਸਿੰਘ ਨੇ ਭਾਵਨਾਤਮਕ ਤੇ ਕਲਾਤਮਕ ਬੰਦਸ਼ਾਂ ਦਾ ਜੋ ਅਮੋਲਕ ਖ਼ਜ਼ਾਨਾ ਸੰਭਾਲਿਆ ਹੋਇਆ ਹੈ, ਉਸ ਨੂੰ ਕੀਰਤਨ ਪ੍ਰੇਮੀਆਂ ਤਕ ਨੋਟੇਸ਼ਨਾਂ ਰਾਹੀਂ ਪਹੁੰਚਾਉਣ ਦਾ ਉਪਰਾਲਾ ਇਕ ਮੀਲ-ਪੱਥਰ ਸਾਬਿਤ ਹੋਏਗਾ।

ਪ੍ਰੋ. ਪਰਮਜੋਤ ਸਿੰਘ ਭਾਈ ਸਮੁੰਦ ਸਿੰਘ ਜੀ ਦੇ ਲਾਡਲੇ ਸ਼ਾਗਿਰਦ ਹਨ, ਜਿਨ੍ਹਾਂ ਨੇ ਉਨ੍ਹਾਂ ਦੀ ਗਾਇਕੀ ਨੂੰ ਆਪਣੇ ਧੁਰ ਅੰਦਰ ਵਸਾਇਆ ਹੋਇਆ ਹੈ ਤੇ ਗੁਰੂ-ਸ਼ਿਸ਼ ਪਰੰਪਰਾ ਦੀ ਪ੍ਰਵਿਰਤੀ ਨੂੰ ਸਹੀ ਰੂਪ ਵਿੱਚ ਰੂਪਮਾਨ ਕਰਦੇ ਹੋਏ ਉਨ੍ਹਾਂ ਦੀਆਂ ਗਾਈਆਂ ਬੰਦਸ਼ਾਂ ਨੂੰ ਲਿਪੀਬੱਧ ਕਰਨ ਵਿੱਚ ਜੋ ਸ਼ਰਧਾ, ਚਾਅ ਤੇ ਉਮਾਹ ਦਿਖਾਇਆ ਹੈ, ਉਹ ਅੱਜ ਦੇ ਸਮੇਂ ਵਿੱਚ ਵਿਰਲਿਆਂ ਵਿੱਚ ਹੀ ਦੇਖਣ ਨੂੰ ਮਿਲਦਾ ਹੈ।

ਦਾਸ ਨੇ ਲੰਮਾ ਸਮਾਂ ਪ੍ਰੋ. ਪਰਮਜੋਤ ਸਿੰਘ ਜੀ ਨਾਲ ਵਿਚਰ ਕੇ ਦੇਖਿਆ ਹੈ ਕਿ ਬੰਦਸ਼ ਦੀ ਵਡਿਆਈ ਉਸਤਾਦ ਜੀ ਨੂੰ ਦੇਣੀ ਉਨ੍ਹਾਂ ਦੀਆਂ ਬੰਦਸ਼ਾਂ ਗਾਉਣ ਤੋਂ ਪਹਿਲਾਂ ਸਪੱਸ਼ਟ ਤੇ ਅਨੰਦਿਤ ਹੋ ਕੇ ਦੱਸਣਾ ਕਿ ਇਹ ਬੰਦਸ਼ ਭਾਈ ਸਮੁੰਦ ਸਿੰਘ ਜੀ ਦੀ ਹੈ। ਹਰ ਲੇਖ ਵਿੱਚ ਉਨ੍ਹਾਂ ਦੀ ਹੀ ਸਿਫ਼ਤਿ-ਸਾਲਾਹ ਕਰਨੀ। ਹੱਦ ਹੋ ਗਈ। ਐਸਾ ਪਿਆਰ!

ਗੁਰਸ਼ਬਦ ਸੰਗੀਤ ਅਕੈਡਮੀ ਜਵੱਦੀ ਟਕਸਾਲ ਦੇ ਡਾਇਰੈਕਟਰ ਹੋਣ ਦੇ ਨਾਲ, ਰਾਗ ਸਰੂਪ ਨਿਰਣਾਇਕ ਕਮੇਟੀ ਦੇ ਪ੍ਰਮੁੱਖ ਮੈਂਬਰ, ਕਈ ਮਹਾਨ ਸ਼ਾਗਿਰਦਾਂ ਦੇ ਉਸਤਾਦ ਹੋਣ ਦੇ ਬਾਵਜੂਦ ਵੀ ਪ੍ਰੋਫ਼ੈਸਰ ਸਾਹਿਬ ਆਪਣੇ ਆਪ ਨੂੰ ਵਿਦਿਆਰਥੀ ਹੀ ਸਮਝਦੇ ਹਨ। ਕਿੰਨੀ ਨਿਮਰਤਾ ਤੇ ਹਲੀਮੀ ਹੈ, ਜਿਹੜੀ ਉਨ੍ਹਾਂ ਨੂੰ ਹਮੇਸ਼ਾ ਹੀ ਸਿਖਿਆਰਥੀ ਰਹਿਣ ਲਈ ਪ੍ਰੇਰਦੀ ਹੈ।

ਸੋ, ਐਸੇ ਮਹਾਨ ਉਸਤਾਦ ਕੀਰਤਨੀਏ ਭਾਈ ਸਮੁੰਦ ਸਿੰਘ ਜੀ ਅਤੇ ਪ੍ਰੋ. ਪਰਮਜੋਤ ਸਿੰਘ ਜੀ ਨੂੰ ਸੰਤ ਗਿਆਨੀ ਅਮੀਰ ਸਿੰਘ ਜੀ ਮੁਖੀ ਜਵੱਦੀ ਟਕਸਾਲ ਤੇ ਖ਼ੁਦ ਦਾਸ ਇਨ੍ਹਾਂ ਦੋਹਾਂ ਨੂੰ ਨਤਮਸਤਕ ਹੁੰਦੇ ਹੋਏ ਇਸ ਮਹਾਨ ਕਾਰਜ ਲਈ ਵਧਾਈ ਦਿੰਦੇ ਹਨ ਤੇ ਆਸ ਰੱਖਦੇ ਹਾਂ ਕਿ ਇਨ੍ਹਾਂ ਪੁਰਾਤਨ ਬੰਦਸ਼ਾਂ ਤੋਂ ਕੀਰਤਨ ਪ੍ਰੇਮੀ ਅਥਾਹ ਲਾਭ ਲੈ ਸਕਣਗੇ।

ਸੁਖਵੰਤ ਸਿੰਘ
ਪ੍ਰਿੰਸੀਪਲ
ਗੁਰਸ਼ਬਦ ਸੰਗੀਤ ਅਕੈਡਮੀ ਜਵੱਦੀ ਟਕਸਾਲ,
ਲੁਧਿਆਣਾ

ਪ੍ਰਕਾਸ਼ਨ ਮਨੋਰਥ

ਸੁਕ੍ਰਿਤ ਟਰੱਸਟ, ਲੁਧਿਆਣਾ ਵੱਲੋਂ ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ ਦੇ ਜੀਵਨ ਦੇ ਵੱਖ ਵੱਖ ਪੱਖਾਂ ਬਾਰੇ ਪੁਸਤਕ ਛਪਵਾ ਕੇ ਮੈਨੂੰ ਅਤਿਅੰਤ ਖ਼ੁਸ਼ੀ ਹੋਈ। ਬਹੁਤ ਸਾਰੇ ਪ੍ਰੇਮੀਆਂ ਦੀ ਮੰਗ ਅਨੁਸਾਰ ਉਨ੍ਹਾਂ ਦੀਆਂ ਬੰਦਸ਼ਾਂ ਨੂੰ ਕਲਮ-ਬੱਧ ਕਰਨ ਦੀ ਪ੍ਰੇਰਨਾ ਮੇਰੇ ਵਿੱਚ ਜਾਗੀ। ਬੜੇ ਲੰਮੇ ਸਮੇਂ ਤੋਂ ਦਾਸ ਨੇ ਅੱਡ ਅੱਡ ਸ੍ਰੋਤਾਂ ਤੋਂ ਉਨ੍ਹਾਂ ਦੇ ਗਾਏ ਹੋਏ ਸ਼ਬਦਾਂ ਨੂੰ ਇਕੱਤਰ ਕੀਤਾ ਤੇ ਉਨ੍ਹਾਂ ਦੀ ਗਾਇਕੀ ਨੂੰ ਜ਼ਿਹਨ ਵਿੱਚ ਵਸਾਉਣ ਦੀ ਨਿਰੰਤਰ ਕੋਸ਼ਿਸ਼ ਕੀਤੀ। ਮੇਰੇ ਦਿਲ ਵਿੱਚ ਕਈ ਵਾਰ ਇਹ ਫੁਰਨਾ ਪੈਦਾ ਹੋਇਆ ਕਿ ਭਾਈ ਸਾਹਿਬ ਜੀ ਦੀਆਂ ਬੰਦਸ਼ਾਂ ਨੂੰ (ਸਵੱਰ) ਲਿਪੀ-ਬੱਧ ਕੀਤਾ ਜਾਵੇ, ਪਰ ਇਸ ਫੁਰਨੇ ਨੂੰ ਸਾਕਾਰ ਕਰਨ ਲਈ ਜਿਵੇਂ ਕਿ ਮੇਰਾ ਹੀਆ ਹੀ ਨਹੀਂ ਪੈਂਦਾ ਸੀ। ਭਾਈ ਸਾਹਿਬ ਦੀ ਗਾਇਕੀ ਬਹੁਤ ਗਹਿਰ-ਗੰਭੀਰ ਹੈ ਤੇ ਉਸ ਨੂੰ ਪਕੜਨਾ ਤੇ ਸਮਝਣਾ ਕੋਈ ਸਾਧਾਰਨ ਗੱਲ ਨਹੀਂ। ਮੈਂ ਉਨ੍ਹਾਂ ਦੇ ਸ਼ਬਦਾਂ ਨੂੰ ਅਨੇਕਾਂ ਵਾਰ ਸੁਣਿਆ ਤੇ ਅਨੁਭਵ ਕੀਤਾ ਕਿ ਉਹਨਾਂ ਦੀ ਗਾਇਕੀ ਵਿੱਚ ਅਨੇਕਾਂ ਹੀ ਸਵੱਰ-ਲਹਿਰੀਆਂ ਹਨ, ਜੋ ਅਥਾਹ ਸਾਗਰ ਵਿੱਚ ਡੁਬਕੀਆਂ ਲਾ ਰਹੀਆਂ ਹਨ। ਉਨ੍ਹਾਂ ਨੂੰ ਪਕੜ ਪਕੜ ਕੇ ਗਾਉਣਾ ਹੀ ਕਿਤਨਾ ਮੁਸ਼ਕਲ ਹੈ ਤਾਂ ਸਵੱਰ ਲਿਪੀ-ਬੱਧ ਕਰਨਾ ਤਾਂ ਹੋਰ ਵੀ ਕਠਿਨ ਕੰਮ ਹੈ।

ਗੁਰੂ ਸਾਹਿਬ ਦੀ ਬਖ਼ਸ਼ਿਸ਼ ਨਾਲ ਬਾਰ ਬਾਰ ਸੁਣ ਕੇ ਇਸ ਕਾਰਜ ਨੂੰ ਕਰਨ ਦਾ ਹੌਸਲਾ ਕੀਤਾ ਹੈ। ਪਹਿਲਾਂ ਉਨ੍ਹਾਂ ਦੇ ਸ਼ਬਦਾਂ ਦੀ ਖਾਕਾਵਾਰ ਸੂਚੀ ਬਣਾ ਕੇ, ਫਿਰ ਇਕ ਇਕ ਸ਼ਬਦ ਨੂੰ ਅਨੇਕਾਂ ਵਾਰ ਗਾਇਨ ਕੀਤਾ। ਫਿਰ ਉਨ੍ਹਾਂ ਸ਼ਬਦਾਂ ਦੀ ਤਰਤੀਬ ਉਲੀਕੀ। ਮਿਸ਼ਰਤ ਰਾਗਾਂ ਨੂੰ ਕਲਮ-ਬੱਧ ਕਰਨ ਦੀ ਕੋਸ਼ਿਸ਼ ਕੀਤੀ। ਸਮੂਹ ਕੀਰਤਨ ਪ੍ਰੇਮੀ ਇਹ ਭਲੀ-ਭਾਂਤ ਜਾਣਦੇ ਹਨ ਕਿ ਗਾਇਕੀ ਨੂੰ ਹੂ-ਬ-ਹੂ ਨੋਟੇਸ਼ਨ ਵਿੱਚ ਲਿਆਉਣਾ ਕਿੰਨਾ ਕਠਿਨ ਹੁੰਦਾ ਹੈ, ਪਰ ਮੈਂ ਆਪਣੀ ਤੁੱਛ ਜਿਹੀ ਸੂਝ ਮੁਤਾਬਿਕ ਉਸਦਾ ਖ਼ਾਕਾ ਚਿਤਰਣ ਕਰਨ ਦਾ ਨਿਮਾਣਾ ਜਿਹਾ ਉਪਰਾਲਾ ਕੀਤਾ ਹੈ।

ਭਾਈ ਸਾਹਿਬ ਵੀਹਵੀਂ ਸਦੀ ਦੇ ਸਿਰਮੌਰ ਕੀਰਤਨੀਆਂ ਦੀ ਕਤਾਰ ਵਿੱਚ ਮੋਹਰੀ ਹੋਏ ਹਨ। ਸਮੁੱਚੇ ਕੀਰਤਨੀਏ ਤੇ ਸੰਗੀਤ ਪ੍ਰੇਮੀ ਉਨ੍ਹਾਂ ਦੀ ਗਾਇਕੀ ਦਾ ਸਿੱਕਾ ਮੰਨਦੇ ਹਨ। ਜੈਸਾ ਨਾਮ 'ਸਮੁੰਦ ਸਿੰਘ' ਭਾਵ 'ਸਮੁੰਦਰ', ਵੈਸਾ ਹੀ ਸ਼ਬਦ-ਗੀਤਾਂ ਦਾ ਭੰਡਾਰ। ਉਹ ਅਣਗਿਣਤ ਬੰਦਸ਼ਾਂ ਦੀ ਟਕਸਾਲ ਸਨ। ਮੈਂ ਇਹ ਅਨੁਭਵ ਕੀਤਾ ਹੈ ਕਿ ਉਨ੍ਹਾਂ ਦੀਆਂ ਗੀਤਾਂ ਦੇ ਮੁੱਖੜਿਆਂ ਦੀ ਬਣਤਰ ਬਹੁਤ ਲਾ-ਜਵਾਬ ਸੀ। ਇਕ ਰਾਗ ਵਿੱਚ ਜੋ ਅਲੱਗ ਅਲੱਗ ਸ਼ਬਦਾਂ ਦਾ ਗਾਇਨ ਕੀਤਾ ਤਾਂ ਹਰ ਇਕ ਦਾ ਮੁੱਖੜਾ ਵੀ ਵਿਲੱਖਣ ਪ੍ਰਗਟਾਇਆ ਹੈ। ਜੇ ਇਕ ਤੁੱਕ ਦਾ ਇਕ ਢੰਗ ਨਾਲ ਗਾਇਨ ਕੀਤਾ ਤਾਂ ਉਸੇ ਤੁੱਕ ਨੂੰ ਦੂਸਰੀ ਵਾਰ ਅਜਿਹੇ ਖ਼ੂਬਸੂਰਤ ਢੰਗ ਨਾਲ ਗਾਇਨ ਕਰਦੇ ਸਨ ਕਿ ਸਰੋਤੇ ਦੰਗ ਰਹਿ ਜਾਂਦੇ।

ਇਸ ਕਾਰਜ ਨੂੰ ਨੇਪਰੇ ਚਾੜ੍ਹਨ ਵਿੱਚ ਭਾਈ ਸਾਹਿਬ ਜੀ ਦੇ ਸਪੁੱਤਰ ਸ. ਹਰਭਜਨ ਸਿੰਘ ਤੋਂ ਵੀ ਦਾਸ ਨੂੰ ਕਾਫ਼ੀ ਰਹਿਨੁਮਾਈ ਮਿਲੀ ਹੈ। ਉਹ ਭਾਵੇਂ ਅਮਰੀਕਾ ਵੱਸਦੇ ਹਨ, ਪਰ ਜਦੋਂ ਵੀ ਉਹ ਆਪਣੇ ਵਤਨ ਆਉਂਦੇ ਹਨ, ਉਨ੍ਹਾਂ ਲਈ ਉਚੇਚੇ ਪ੍ਰੋਗਰਾਮ ਉਲੀਕ ਕੇ ਉਨ੍ਹਾਂ ਦੁਆਰਾ ਗਾਈਆਂ ਬੰਦਸ਼ਾਂ ਨੂੰ ਰਿਕਾਰਡ ਕੀਤਾ ਜਾਂਦਾ ਰਿਹਾ ਹੈ। ਉਹ ਅੱਜ ਆਪਣੇ ਪਿਤਾ ਜੀ ਦੀਆਂ ਬੰਦਸ਼ਾਂ ਦਾ ਹੂ-ਬ-ਹੂ ਗਾਇਨ ਕਰ ਕੇ ਭਾਈ ਸਾਹਿਬ ਦੀ ਗਾਇਕੀ ਨੂੰ ਸਰੋਤਿਆਂ ਸਾਹਮਣੇ ਰੱਖ ਕੇ ਜੀਉਂਦੀ ਜਾਗਦੀ ਮਿਸਾਲ ਕਾਇਮ ਕਰ ਰਹੇ ਹਨ। ਵੀਰ ਹਰਭਜਨ ਸਿੰਘ ਜੀ ਦੀਆਂ ਗਾਈਆਂ ਬੰਦਸ਼ਾਂ ਵੀ ਸਵੱਰ-ਲਿਪੀ ਬੱਧ ਕੀਤੀਆਂ ਗਈਆਂ ਹਨ, ਜਿਥੇ ਉਹਨਾਂ ਨੇ ਨਿਰਧਾਰਤ ਰਾਗਾਂ ਵਿੱਚ ਬੰਦਸ਼ਾਂ ਗਾਈਆਂ ਹਨ, ਉਥੇ ਅਲੱਗ ਅਲੱਗ ਤਾਲਾਂ ਵਿੱਚ ਵੀ ਗਾਇਨ ਕਰ ਕੇ ਆਪਣੀ ਸੂਝ-ਬੂਝ ਦਾ ਪ੍ਰਗਟਾਵਾ ਕੀਤਾ ਹੈ।

ਭਾਈ ਸਮੁੰਦ ਸਿੰਘ ਜੀ ਦੀ ਗਾਇਕੀ ਵਿੱਚ ਗਲੇ ਦੀ ਹਰਕਤ, ਤਾਨ ਦੀ ਸਫ਼ਾਈ ਤੇ ਬੋਲ ਵੰਡ ਆਦਿ ਵਿਸ਼ੇਸ਼ ਗੁਣ ਸਨ। ਉਹ ਇੱਕੋ ਹੀ ਸ਼ਬਦ ਨੂੰ ਵੱਖ ਵੱਖ ਬਿਖੜੀਆਂ ਰੀਤਾਂ ਤੇ ਤਾਲਾਂ ਵਿੱਚ ਗਾਇਨ ਕਰਨ ਦੇ ਸਮਰੱਥ ਸਨ। ਉਨ੍ਹਾਂ ਦੀ ਗਾਇਕੀ ਦੇ ਇਨ੍ਹਾਂ ਪੱਖਾਂ ਨੂੰ ਪਕੜ ਵਿੱਚ ਲਿਆ ਕੇ ਸਵੱਰ ਲਿਪੀਆਂ ਤਿਆਰ ਕਰਨੀਆਂ ਬਹੁਤ ਕਠਿਨ ਕੰਮ ਹੈ। ਮੈਂ ਇਨ੍ਹਾਂ ਨੂੰ ਕਲਮ-ਬੱਧ ਕਰਨ ਸਮੇਂ ਇਹ ਅਨੁਭਵ ਕੀਤਾ ਹੈ ਕਿ ਬੰਦਸ਼ਾਂ ਵਿੱਚ ਅਜਿਹੀ ਹਰਕਤ ਲਿਆਉਣ ਲਈ ਸਾਲਾਂ ਦੀ ਕਠਿਨ ਤਪੱਸਿਆ ਕਰਨੀ ਪੈਂਦੀ ਹੈ, ਪਰ ਅਜੋਕੇ ਰਾਗੀਆਂ ਤੋਂ ਇਹ ਆਸ ਰੱਖੀ ਜਾ ਸਕਦੀ ਹੈ ਕਿ ਉਹ ਨਿਰੰਤਰ ਰਿਆਜ਼ ਕਰ ਕੇ ਇਹ ਸਮਰੱਥਾ ਹਾਸਲ ਕਰ ਸਕਦੇ ਹਨ। ਇਹ ਦਾਅਵੇ ਨਾਲ ਕਿਹਾ ਜਾ ਸਕਦਾ ਹੈ, ਜੇ ਅਭਿਆਸ ਤੇ ਰਿਆਜ਼ ਨਾਲ ਇਹ ਰੀਤਾਂ ਗਾਈਆਂ ਜਾਣ ਤਾਂ ਸਰੋਤਿਆਂ ਨੂੰ ਬਹੁਤ ਆਨੰਦਿਤ ਕਰਨਗੀਆਂ।

ਭਾਈ ਸਾਹਿਬ ਦੇ ਰਾਗ ਸਰੂਪ ਵਿੱਚ ਗਾਏ ਸ਼ਬਦ ਜਵੱਦੀ ਟਕਸਾਲ ਲਈ ਵੀ ਇਕ ਪ੍ਰਮਾਣਿਕ ਸਰੋਤ ਦੇ ਰੂਪ ਵਿੱਚ ਪ੍ਰਗਟ ਹੋਏ ਹਨ। 1991 ਵਿੱਚ ਬਾਬਾ ਸੁੱਚਾ ਸਿੰਘ ਜੀ ਨੇ ਜੋ ਨਿਰਣਾਇਕ ਕਮੇਟੀ ਬਣਾਈ ਸੀ, ਉਸਨੇ ਰਾਗ ਕਾਨੜਾ ਤੇ ਪ੍ਰਭਾਤੀ ਦਾ ਉਹੀ ਸਰੂਪ ਅਪਣਾਇਆ, ਜੋ ਭਾਈ ਸਾਹਿਬ ਨੇ ਗਾਇਆ ਸੀ।

ਅਜੋਕੇ ਸਮੇਂ ਵਿੱਚ ਕੀਰਤਨ ਸ਼ੈਲੀ ਵਿੱਚ ਇਕ ਨਵੀਂ ਜਾਗ੍ਰਤੀ ਆਈ ਹੈ ਤੇ ਇਹ ਮਰਿਆਦਾ ਸਥਾਪਤ ਹੋ ਚੁੱਕੀ ਹੈ ਕਿ 'ਰਹਾਉ' ਦੀ ਤੁੱਕ ਨੂੰ ਹੀ ਸਥਾਈ ਬਣਾ ਕੇ ਗਾਇਨ ਕੀਤਾ ਜਾਵੇ, ਪਰ ਪੁਰਾਤਨ ਰਾਗੀ ਸ਼ਬਦ ਦੀ ਕਿਸੇ ਵੀ ਤੁੱਕ ਨੂੰ ਸਥਾਈ ਬਣਾ ਕੇ ਗਾਇਨ ਕਰਦੇ ਰਹੇ ਹਨ। ਅਜਿਹਾ ਭਾਈ ਸਮੁੰਦ ਸਿੰਘ ਜੀ ਦੀ ਵੀ ਸ਼ਬਦ-ਰੀਤ ਸ਼ੈਲੀ ਵਿੱਚੋਂ ਵੀ ਪ੍ਰਗਟ ਹੁੰਦਾ ਹੈ, ਪਰ ਅਜੋਕੇ ਸਿਖਿਆਰਥੀ 'ਰਹਾਉ' ਦੀ ਤੁੱਕ ਨੂੰ ਸਥਾਈ ਬਣਾ ਕੇ ਵੀ ਗਾਇਨ ਕਰ ਸਕਦੇ ਹਨ।

ਇਸ ਹੱਥਲੀ ਪੁਸਤਕ ਵਿੱਚ ਕੁਝ ਬੰਦਿਸ਼ਾਂ ਨੂੰ ਨਿਰਧਾਰਤ ਰਾਗਾਂ ਵਿੱਚ, ਕੁਝ ਮਿਸ਼ਰਤ ਰਾਗਾਂ ਵਿੱਚ ਅਤੇ ਜਿਨ੍ਹਾਂ ਬੰਦਸ਼ਾਂ ਨੂੰ ਖੁੱਲ੍ਹੇ ਰੂਪ ਵਿੱਚ ਗਾਇਆ ਗਿਆ ਹੈ ਜਾਂ ਜੋ ਮੇਰੀ ਸਮਝ ਤੋਂ ਬਾਹਰ ਸਨ, ਉਨ੍ਹਾਂ ਨੂੰ ਰਾਗ ਰੀਤ ਤੇ ਪੁਰਾਤਨ ਧੁਨਾਂ ਦੇ ਅੰਤਰਗਤ ਰੱਖਿਆ ਗਿਆ ਹੈ। ਸਮੁੱਚੇ ਰੂਪ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਇਹ ਕਾਰਜ ਅਕਾਲ ਪੁਰਖ ਨੇ ਰਹਿਮਤ ਕਰ ਕੇ ਦਾਸ ਤੋਂ ਕਰਵਾਇਆ ਹੈ। ਜੇਕਰ ਸੰਗੀਤ ਪ੍ਰੇਮੀ, ਸਿਖਿਆਰਥੀ ਤੇ ਕੀਰਤਨੀਏ ਭਾਈ ਸਾਹਿਬ ਦੀ ਗਾਇਕੀ ਨੂੰ ਬਾਰ ਬਾਰ ਸੁਣ ਕੇ ਧੁਰ ਅੰਦਰ ਬਿਠਾ ਕੇ ਕੀਰਤਨ ਕਰਨ ਦਾ ਉਪਰਾਲਾ

ਕਰਨ ਤਾਂ ਇਹ ਪੁਸਤਕ ਉਨ੍ਹਾਂ ਲਈ ਸਹਾਇਕ ਸਿੱਧ ਹੋ ਸਕਦੀ ਹੈ। ਇਸ ਤਰ੍ਹਾਂ ਪ੍ਰਮਾਣਿਕ, ਪੁਰਾਤਨ ਤੇ ਟਕਸਾਲੀ ਕੀਰਤਨ ਪਰੰਪਰਾ ਨੂੰ ਨਵੇਂ ਸਿਰਿਉਂ ਸੁਰਜੀਤ ਕੀਤਾ ਜਾ ਸਕਦਾ ਹੈ।

ਅੰਤ ਵਿੱਚ ਮੈਂ ਵੀਰ ਸ. ਗੁਰਸਾਗਰ ਸਿੰਘ (ਸਿੰਘ ਬ੍ਰਦਰਜ਼, ਅੰਮ੍ਰਿਤਸਰ), ਜਿਨ੍ਹਾਂ ਨੇ ਆਪਣੇ ਅਥਾਹ ਸਾਗਰ ਵਿੱਚੋਂ ਅਨੇਕ ਅਨਮੋਲ ਰਤਨਾਂ ਦੇ ਖ਼ਜ਼ਾਨੇ ਨੂੰ ਪ੍ਰਕਾਸ਼ਿਤ ਕਰ ਕੇ ਸਿੱਖ ਕੌਮ ਦੇ ਵਿਰਸੇ ਨੂੰ ਸੰਭਾਲਿਆ ਹੈ, ਮੈਂ ਉਨ੍ਹਾਂ ਦਾ ਤਹਿ ਦਿਲੋਂ ਸ਼ੁਕਰ-ਗੁਜ਼ਾਰ ਹਾਂ, ਜਿਨ੍ਹਾਂ ਨੇ ਇਸ ਪੁਸਤਕ ਦੀ ਪ੍ਰਕਾਸ਼ਨਾ ਲਈ ਬਹੁਤ ਖ਼ੁਸ਼ੀ ਨਾਲ ਆਪਣੀ ਪ੍ਰਵਾਨਗੀ ਦਿੱਤੀ।

ਮੇਰੀ ਇਹ ਬੇਨਤੀ ਹੈ ਕਿ ਜੇ ਇਨ੍ਹਾਂ ਬੰਦਸ਼ਾਂ ਸੰਬੰਧੀ ਕੋਈ ਤਰਮੀਮ ਪਾਠਕ ਚਾਹੁਣ ਤਾਂ ਉਹ ਨਿੱਜੀ ਸੰਪਰਕ ਕਰ ਕੇ ਜਾਂ ਸੰਚਾਰਕ ਸਾਧਨਾਂ ਰਾਹੀਂ ਸੁਝਾਅ ਦੇ ਸਕਦੇ ਹਨ। ਉਨ੍ਹਾਂ ਦੇ ਸੁਝਾਵਾਂ ਨੂੰ ਅਹਿਮੀਅਤ ਦਿੱਤੀ ਜਾਵੇਗੀ। ਅਖ਼ੀਰ ਵਿੱਚ ਦਾਸ ਆਪਣੇ ਅੰਤਰੀਵ ਭਾਵ ਗੁਰੂ ਦੇ ਇਨ੍ਹਾਂ ਸ਼ਬਦਾਂ ਰਾਹੀਂ ਪ੍ਰਗਟਾਉਂਦਾ ਹੈ :

ਆਪੇ ਕਰਤਾ ਕਾਰਣੁ ਕਰਾਏ॥
ਜਿਤੁ ਭਾਵੈ ਤਿਤੁ ਕਾਰੈ ਲਾਏ॥
ਪੂਰੈ ਭਾਗਿ ਗੁਰ ਸੇਵਾ ਹੋਵੈ ਗੁਰ ਸੇਵਾ ਤੇ ਸੁਖੁ ਪਾਵਣਿਆ॥

(ਮਾਝ ਮਹਲਾ ੩, ਪੰਨਾ 123)

ਬੇਅੰਤ ਭੁੱਲਾਂ ਦੀ ਖਿਮਾ ਦਾ ਜਾਚਕ,
ਪਰਮਜੋਤ ਸਿੰਘ

ਕੁਝ ਸ਼ਬਦ ਆਪਣੇ ਬਾਰੇ

ਮੈਨੂੰ ਯਾਦ ਹੈ ਉਦੋਂ ਪੰਜ ਕੁ ਸਾਲ ਦਾ ਹੀ ਹੋਵਾਂਗਾ, ਜਦੋਂ ਮੈਂ ਆਪਣੇ ਪਿਤਾ ਗਿਆਨੀ ਇੰਦਰ ਸਿੰਘ ਜੀ ਦੀ ਗੋਦੀ ਵਿੱਚ ਘੰਟਿਆਂ-ਬੱਧੀ ਬੈਠ ਕੇ ਕੀਰਤਨ ਸੁਣਿਆ ਕਰਦਾ ਸੀ। ਕੀਰਤਨ ਸੁਣ ਕੇ ਬਹੁਤ ਰਸ ਆਉਂਦਾ ਤੇ ਮੈਂ ਲੋਰ ਵਿੱਚ ਆ ਕੇ ਸਿਰ ਹਿਲਾਉਂਦਾ। ਮੈਨੂੰ ਉਦੋਂ ਕੀਰਤਨ ਦੀ ਮਹੱਤਤਾ, ਗੁਰਬਾਣੀ ਦੇ ਅਰਥ-ਭਾਵ, ਰਾਗ ਦਾ ਗਿਆਨ ਕੁਝ ਵੀ ਤਾਂ ਸਮਝ ਨਹੀਂ ਸੀ ਆਉਂਦਾ, ਪਰ ਸੰਗੀਤ ਦਾ ਰਸ ਜ਼ਰੂਰ ਮਾਣਦਾ। ਫਿਰ ਕਦੀ ਕਦੀ ਆਪਣੇ ਨਿੱਕੇ ਨਿੱਕੇ ਹੱਥਾਂ ਨਾਲ ਤਬਲੇ 'ਤੇ ਥਾਪ ਦਿੰਦਾ। ਪਿਤਾ ਜੀ ਅਕਸਰ ਮੇਰੇ ਮਾਤਾ ਜੀ ਨੂੰ ਕਹਿੰਦੇ, "ਜੋਤ ਵਿੱਚ ਸੁਰ ਹੈ, ਤਾਲ ਹੈ, ਲੈਅ ਹੈ, ਮੇਰੀ ਇੱਛਾ ਹੈ ਕਿ ਇਹ ਵੱਡਾ ਹੋ ਕੇ ਗੁਰੂ ਦਾ ਕੀਰਤਨੀਆ ਬਣੇ।" ਪਿਤਾ ਜੀ ਵੱਡੇ ਵੱਡੇ ਰਾਗੀਆਂ ਦੀ ਸੰਗਤ ਕਰਦੇ, ਮੈਂ ਅਕਸਰ ਉਹਨਾਂ ਵਿੱਚ ਬੈਠ ਕੇ ਰਾਗੀਆਂ ਦੀਆਂ ਬੰਦਸ਼ਾਂ, ਗੀਤਾਂ ਤੇ ਤਾਲਾਂ ਧਿਆਨ ਨਾਲ ਸੁਣਦਾ ਤੇ ਝੂਮ ਉਠਦਾ।

ਮੈਂ ਉਸ ਵੇਲੇ ਲਗਭਗ 8 ਸਾਲ ਦਾ ਸੀ, ਜਦੋਂ ਗੁਰਬਾਣੀ ਕੀਰਤਨ ਦੀ ਸਿਖਲਾਈ ਲੈਣੀ ਸ਼ੁਰੂ ਕੀਤੀ। ਮੁੱਢਲਾ ਮਾਹੌਲ ਮੈਨੂੰ ਵਿਰਸੇ ਵਿੱਚੋਂ ਮਿਲਿਆ। ਪਿਤਾ ਜੀ, ਜੋ ਤਰਨ ਤਾਰਨ ਟਕਸਾਲ ਦੇ ਪੰਡਿਤ ਨੱਥੂ ਰਾਮ ਜੀ ਦੇ ਸਿਖਿਆਰਥੀ ਰਹੇ ਸਨ, ਮੇਰੇ ਪਹਿਲੇ ਉਸਤਾਦ ਸਨ, ਜਿਨ੍ਹਾਂ ਸਦਕਾ ਮੇਰਾ ਝੁਕਾਅ ਗੁਰਬਾਣੀ ਕੀਰਤਨ ਵੱਲ ਵਧਦਾ ਗਿਆ।

ਕੀਰਤਨ ਪ੍ਰਤੀ ਲਗਨ ਤੇ ਸ਼ੌਕ ਨੂੰ ਦੇਖਦਿਆਂ ਪਿਤਾ ਜੀ ਨੇ ਮੈਨੂੰ ਮਾਸਟਰ ਦੇਸ ਰਾਜ ਜੀ ਕੋਲ ਨਿਯਮਤ ਰੂਪ ਵਿੱਚ ਸਿਖਲਾਈ ਲਈ ਭੇਜਣਾ ਸ਼ੁਰੂ ਕਰ ਦਿੱਤਾ। ਮਾਸਟਰ ਜੀ ਨੇ ਮੇਰੇ ਵਿੱਚ ਸ਼ਾਸਤ੍ਰੀ ਸੰਗੀਤ ਦਾ ਮੁੱਢ ਬੰਨ੍ਹਿਆ। ਮੈਂ ਉਹਨਾਂ ਤੋਂ ਸੰਗੀਤ ਸਿਖਦਿਆਂ ਉਨ੍ਹਾਂ ਦੇ ਘਰ ਹੀ ਕਈ ਸੰਗੀਤਕਾਰਾਂ ਦੇ ਸੰਪਰਕ ਵਿੱਚ ਆਇਆ। ਹੌਲੀ ਹੌਲੀ ਮੇਰੀ ਸ਼ਾਸਤ੍ਰੀ ਸੰਗੀਤ ਵਿੱਚ ਰੁਚੀ ਵੱਧਦੀ ਗਈ ਤੇ ਮੈਂ ਉਸਤਾਦ ਬਾਕਿਰ ਹੁਸੈਨ ਖ਼ਾਂ (ਪਟਿਆਲਾ ਘਰਾਣਾ), ਸੀਆ ਬਿਹਾਰੀ ਸ਼ਰਨ, ਪੰਡਿਤ ਵਿਨੈ ਚੰਦਰ ਮੋਦਗਿਲ, ਸ੍ਰੀ ਮਦਨ ਲਾਲ ਬਾਲੀ ਤੇ ਹੋਰ ਕਈ ਸੰਗੀਤਕਾਰ ਜਿਨ੍ਹਾਂ ਤੋਂ ਕੁਝ ਨਾ ਕੁਝ ਹਾਸਿਲ ਕਰਨ ਜਾਂਦਾ ਰਿਹਾ। ਪਰ ਜਿਸ ਸ਼ਖ਼ਸੀਅਤ ਨੇ ਮੇਰੇ 'ਤੇ ਡੂੰਘਾ, ਪ੍ਰਭਾਵਸ਼ਾਲੀ ਤੇ ਅੰਤਿਮ ਪ੍ਰਭਾਵ ਪਾਇਆ ਉਹ ਸਨ, ਭਾਈ ਸਮੁੰਦ ਸਿੰਘ ਜੀ। ਉਨ੍ਹਾਂ ਵਿੱਚ ਗੁਰਬਾਣੀ ਤੇ ਸ਼ਾਸਤ੍ਰੀ ਗਾਇਨ ਦਾ ਸੁਮੇਲ ਸੀ। ਉਨ੍ਹਾਂ ਦੀ ਚੁੰਬਕੀ ਸ਼ਖ਼ਸੀਅਤ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਮੈਂ ਧੁਰ ਅੰਦਰੋਂ ਉਨ੍ਹਾਂ ਨੂੰ ਗੁਰਮਤਿ ਸੰਗੀਤ ਦਾ ਉਸਤਾਦ ਧਾਰਨ ਕਰ ਲਿਆ।

ਉਦੋਂ ਮਸਾਂ ਦਸਾਂ-ਬਾਰ੍ਹਾਂ ਵਰ੍ਹਿਆਂ ਦਾ ਹੋਵਾਂਗਾ, ਜਦੋਂ ਤੋਂ ਮੈਂ ਗੁਰਮਤਿ ਰਾਗੀ ਸਭਾ ਲੁਧਿਆਣਾ ਦੇ ਸਾਲਾਨਾ ਸਮਾਗਮਾਂ 'ਤੇ ਜਾਣ ਲੱਗ ਪਿਆ। ਮੈਨੂੰ ਆਰੰਭ ਵਿੱਚ ਇਕ ਸ਼ਬਦ ਗਾਇਨ ਕਰਨ ਦਾ ਸਮਾਂ ਮਿਲਦਾ, ਪਰ ਭਾਈ ਸਾਹਿਬ ਦੁਆਰਾ ਗਾਇਨ ਕੀਤੇ ਸ਼ਬਦਾਂ ਨੂੰ ਸੁਣਨ ਲਈ ਦੇਰ ਰਾਤ ਤਕ ਸੰਗਤ ਵਿੱਚ ਬੈਠਾ ਉਡੀਕਦਾ ਰਹਿੰਦਾ। ਰੇਡਿਓ ਤੋਂ ਵੀ ਜਦੋਂ ਕਦੀ

ਉਨ੍ਹਾਂ ਦਾ ਕੋਈ ਸ਼ਬਦ ਪ੍ਰਸਾਰਿਤ ਕੀਤਾ ਜਾਂਦਾ ਤਾਂ ਮੈਂ ਉਨ੍ਹਾਂ ਦੀ ਗਾਇਕੀ ਦੇ ਮਹੀਨ ਅੰਗਾਂ ਨੂੰ ਛੂਹਣ ਤੇ ਜ਼ਿਹਨ ਵਿੱਚ ਵਸਾਉਣ ਦੀ ਪੂਰੀ ਕੋਸ਼ਿਸ਼ ਕਰਦਾ ਤੇ ਫਿਰ ਉਨ੍ਹਾਂ ਦੀਆਂ ਰੀਤਾਂ ਦਾ ਬਾਰ ਬਾਰ ਰਿਆਜ਼ ਕਰਨ ਉਪਰੰਤ ਕਈ ਸਮਾਗਮਾਂ ਵਿੱਚ ਸਟੇਜਾਂ 'ਤੇ ਦੁਹਰਾਉਂਦਾ। ਇਕ ਗੱਲ ਆਮ ਪ੍ਰਚਲਿਤ ਹੋ ਗਈ ਕਿ ਜੋਤ ਆਉਣ ਵਾਲੇ ਸਮੇਂ ਵਿੱਚ ਭਾਈ ਸਾਹਿਬ ਦੀ ਕੀਰਤਨ ਸ਼ੈਲੀ ਦਾ ਪ੍ਰਚਾਰਕ ਬਣੇਗਾ।

ਇਕ ਵਾਰ ਅਮਰ ਸਿੰਘ ਦੁਸਾਂਝ ਦਾ ਭਾਈ ਸਾਹਿਬ ਸੰਬੰਧੀ ਲੇਖ ਅਖ਼ਬਾਰ ਵਿੱਚ ਛਪਿਆ, ਜਿਸ ਨੂੰ ਮੈਂ ਬਾਰ ਬਾਰ ਪੜ੍ਹਿਆ। ਉਸ ਲੇਖ ਨੇ ਮੇਰੇ ਮਨ ਵਿੱਚ ਉਨ੍ਹਾਂ ਪ੍ਰਤੀ ਸ਼ਰਧਾ, ਸਤਿਕਾਰ ਨੂੰ ਪ੍ਰਬਲ ਕੀਤਾ ਤੇ ਮੈਂ ਉਨ੍ਹਾਂ ਦਾ ਸ਼ਿਸ਼ ਬਣਨ ਲਈ ਠਾਣ ਲਈ।

ਇਨ੍ਹਾਂ ਪ੍ਰਭਾਵਾਂ ਦੇ ਫਲਸਰੂਪ ਮੇਰੇ ਪਿਤਾ ਜੀ ਮੈਨੂੰ ਭਾਈ ਸਾਹਿਬ ਦੇ ਘਰ ਲੈ ਗਏ। ਸਾਡਾ ਘਰ ਉਨ੍ਹਾਂ ਤੋਂ ਬਹੁਤਾ ਦੂਰ ਨਹੀਂ ਸੀ। ਉਥੇ ਮੈਨੂੰ ਉਨ੍ਹਾਂ ਦੇ ਚਰਨਾਂ ਵਿੱਚ ਬਿਠਾ ਕੇ ਪਿਤਾ ਜੀ ਨੇ ਭਾਈ ਸਾਹਿਬ ਨੂੰ ਬੇਨਤੀ ਕੀਤੀ ਕਿ ਇਸ ਬੱਚੇ 'ਤੇ ਬਖ਼ਸ਼ਿਸ਼ ਕਰੋ। ਭਾਈ ਸਾਹਿਬ ਨੇ ਪ੍ਰਵਾਨਗੀ ਦੇ ਦਿੱਤੀ। ਉਨ੍ਹਾਂ ਨੇ ਆਪਣਾ ਦਿਲਰੁਬਾ ਸੁਰ ਕਰ ਕੇ ਮੇਰੇ ਹੱਥਾਂ ਵਿੱਚ ਫੜਾ ਦਿੱਤਾ ਤੇ ਕਿਹਾ ਕਿ ਵਜਾਉ। ਸ਼ਾਮ ਦਾ ਸਮਾਂ ਹੋਣ ਕਰਕੇ ਕਲਿਆਣ ਵਜਾਇਆ। ਦਿਲਰੁਬਾ ਸੁਣ ਕੇ ਭਾਈ ਸਾਹਿਬ ਬਹੁਤ ਖ਼ੁਸ਼ ਹੋਏ, ਕਿਉਂਕਿ ਉਹ ਤੰਤੀ ਸਾਜ਼ਾਂ ਨੂੰ ਬਹੁਤ ਪਸੰਦ ਕਰਦੇ ਸਨ।

ਮਾਰਚ ਸੰਨ 1968 ਦੀ ਗੱਲ ਹੈ। ਭਾਈ ਸਾਹਿਬ ਜੀ ਦੀ ਪ੍ਰਵਾਨਗੀ ਉਪਰੰਤ ਮੈਂ ਉਨ੍ਹਾਂ ਦੇ ਘਰ ਅਕਸਰ ਜਾਣ ਲੱਗ ਪਿਆ। ਉਹ ਬਿਰਧ ਹੋਣ ਕਰਕੇ ਅੰਦਰ ਬਾਹਰ ਪ੍ਰੋਗਰਾਮ ਘੱਟ ਹੀ ਲੈਂਦੇ ਸਨ। ਉਨ੍ਹਾਂ ਦਾ ਨੇਮ ਸੀ ਕਿ ਸ਼ਾਮ ਨੂੰ ਇਕ ਸ਼ਬਦ ਦਾ ਕੀਰਤਨ ਹਰ ਰੋਜ਼ ਆਪਣੇ ਘਰ ਵਿੱਚ ਰਹਰਾਸਿ ਸਾਹਿਬ ਦੇ ਪਾਠ ਉਪਰੰਤ ਗੁਰੂ ਸਾਹਿਬ ਦੇ ਪ੍ਰਕਾਸ਼ ਅਸਥਾਨ ਵਿੱਚ ਕਰਦੇ ਸਨ। ਮੈਂ ਤਕਰੀਬਨ ਹਰ ਰੋਜ਼ ਉਨ੍ਹਾਂ ਦੀ ਸੰਗਤ ਕਰਦਾ। ਮੇਰਾ ਉਹਨਾਂ ਨਾਲ ਸੰਪਰਕ ਜੁੜ ਗਿਆ। ਜੇਕਰ ਕਿਸੇ ਦਿਨ ਮੈਂ ਨਾ ਜਾ ਸਕਦਾ ਤਾਂ ਉਹ ਮੈਨੂੰ ਸੁਨੇਹਾ ਭੇਜ ਦਿੰਦੇ। ਮੈਨੂੰ ਉਹਨਾਂ ਦੇ ਰੋਜ਼ਾਨਾ ਮੇਲ-ਜੋਲ ਤੋਂ ਅੰਤ੍ਰੀਵ ਖ਼ੁਸ਼ੀ ਹਾਸਲ ਹੁੰਦੀ। ਮੈਂ ਦੇਰ ਰਾਤ ਤਕ ਉਨ੍ਹਾਂ ਪਾਸ ਠਹਿਰਦਾ। ਰਾਤ ਸੌਣ ਸਮੇਂ ਮੈਂ ਦਿਲਰੁਬਾ ਦੀਆਂ ਮਿੱਠੀਆਂ ਸੁਰਾਂ ਛੂਹਦਾ। ਕਦੀ ਨਿੱਜੀ ਤੌਰ 'ਤੇ ਸੇਵਾ ਵਿੱਚ ਰੁੱਝ ਜਾਂਦਾ। ਜਦੋਂ ਉਹ ਸੌਂ ਜਾਂਦੇ, ਮੈਂ ਘਰ ਪਰਤ ਆਉਂਦਾ। ਮਾਤਾ ਦਯਾ ਕੌਰ ਜੀ ਵੀ ਮੈਨੂੰ ਨਿੱਘੀਆਂ ਤੇ ਪਿਆਰੀਆਂ ਨਜ਼ਰਾਂ ਨਾਲ ਤੱਕਦੇ ਤੇ ਇੱਕੋ ਸਾਹੀ ਕਈ ਕਈ ਅਸੀਸਾਂ ਨਾਲ ਨਿਵਾਜਦੇ। ਉਨ੍ਹਾਂ ਦਾ ਆਪਣਾ ਬੇਟਾ ਤਾਂ ਕਈ ਕੋਹਾਂ ਦੂਰ ਸੀ। ਉਨ੍ਹਾਂ ਵਿੱਚ ਤਿਆਗ, ਦਯਾ ਤੇ ਪਿਆਰ ਦਾ ਅਥਾਹ ਸਾਗਰ ਠਾਠਾਂ ਮਾਰਦਾ ਸੀ। ਮੈਂ ਤੱਕਦਾ ਉਹ ਹਰ ਆਏ ਗਏ ਮਹਿਮਾਨ ਨੂੰ ਸਹੀ ਆਓ-ਭਗਤ ਕਰ ਕੇ ਨਿਵਾਜਦੇ। ਉਹਨਾਂ ਦੀ ਅਣਥੱਕ ਸੇਵਾ ਵੀ ਕੌਮ ਪ੍ਰਤੀ ਬੇਮਿਸਾਲ ਸੀ। ਮੈਂ ਭਾਈ ਸਾਹਿਬ ਦੇ ਚਰਨਾਂ ਵਿੱਚ ਉਨ੍ਹਾਂ ਦੀਆਂ ਗਾਈਆਂ ਰੀਤਾਂ ਨੂੰ ਦੁਹਰਾਉਂਦਾ। ਘਰ ਆ ਕੇ ਵੀ ਅਭਿਆਸ ਕਰਦਾ। ਹੌਲੀ ਹੌਲੀ ਉਹਨਾਂ ਦੀ ਗਾਇਕੀ ਮੇਰੇ ਅੰਦਰ ਵੱਸਦੀ, ਧੱਸਦੀ ਤੇ ਰੱਸਦੀ ਗਈ। ਇਹ ਦੁਵੱਲੀ ਖਿੱਚ ਅੰਤਿਮ ਸਮੇਂ ਤਕ ਜਾਰੀ ਰਹੀ।

ਮੈਂ ਭਾਈ ਸਾਹਿਬ ਦੀ ਨੇੜਤਾ ਤੇ ਨਿੱਘ ਨੂੰ ਕੁਝ ਵਰ੍ਹੇ ਹੀ ਖੁੱਲ੍ਹ ਕੇ ਮਾਣ ਸਕਿਆ। ਇਸ ਸਮੇਂ ਦੇ ਦੌਰਾਨ ਕਿਉਂਕਿ ਉਹਨਾਂ ਦੇ ਸਾਥੀ ਨਾਲ ਨਹੀਂ ਸਨ, ਰੇਡੀਓ ਪ੍ਰੋਗਰਾਮ ਕਰਨ ਲਈ ਉਹ ਮੈਨੂੰ ਨਾਲ ਲਿਜਾਣ ਲੱਗ ਪਏ।

ਮੈਨੂੰ ਇਕ ਘਟਨਾ ਯਾਦ ਹੈ ਕਿ ਇਕ ਵਾਰ ਉਹ ਮੈਨੂੰ ਆਪਣੇ ਨਾਲ ਅੰਮ੍ਰਿਤਸਰ ਲੈ

ਕੇ ਗਏ। ਅਸੀਂ ਮਜੀਠਾ ਹਾਊਸ ਇਕ ਹਫ਼ਤਾ ਠਹਿਰੇ, ਜਿਥੇ ਸਵੇਰੇ ਸ਼ਾਮ ਸੰਗਤ ਜੁੜਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਕੀਰਤਨ ਕਰਨ ਉਪਰੰਤ ਮੈਂ ਸਾਰਾ ਦਿਨ ਤੇ ਰਾਤ ਭਾਈ ਸਾਹਿਬ ਦੀ ਸੇਵਾ ਵਿੱਚ ਗੁਜ਼ਾਰਦਾ। ਇਸ ਸਮੇਂ ਦੇ ਦੌਰਾਨ ਮੈਨੂੰ ਭਾਈ ਸਾਹਿਬ ਨੇ ਅਤੁੱਟ ਪਿਆਰ ਦਿੱਤਾ। ਉਨ੍ਹਾਂ ਦੀ ਗਾਇਕੀ ਦੀਆਂ ਛੁਹਾਂ ਮੇਰੇ ਅੰਦਰ ਧੱਸ ਗਈਆਂ।

ਇਸੇ ਸਮੇਂ ਦੌਰਾਨ ਅਸੀਂ ਇਕ ਦਿਨ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦਰਸ਼ਨ ਲਈ ਗਏ। ਭਾਈ ਸਾਹਿਬ ਨੂੰ ਮੱਥਾ ਟੇਕਦਿਆਂ ਪਛਾਣ ਕੇ ਹਜ਼ੂਰੀ ਰਾਗੀ ਸਿੰਘ ਨੇ ਪੜ੍ਹ ਰਹੇ ਸ਼ਬਦ ਦਾ ਭੋਗ ਪਾ ਕੇ ਭਾਈ ਸਾਹਿਬ ਨੂੰ ਸ਼ਬਦ ਪੜ੍ਹਨ ਲਈ ਇਸ਼ਾਰਾ ਕੀਤਾ। ਭਾਈ ਸਾਹਿਬ ਨੇ ਸ਼ਬਦ ਪੜ੍ਹਿਆ :

ਦਰਮਾਦੇ ਠਾਢੇ ਦਰਬਾਰਿ ॥
ਤੁਝ ਬਿਨੁ ਸੁਰਤਿ ਕਰੈ ਕੋ ਮੇਰੀ ਦਰਸਨੁ ਦੀਜੈ ਖੋਲ੍ਹਿ ਕਿਵਾਰ ॥੧॥ਰਹਾਉ॥

(ਬਿਲਾਵਲੁ ਕਬੀਰ ਜੀ, ਪੰਨਾ 856)

ਮੈਂ ਅੰਦਰੋਂ ਗਦ ਗਦ ਹੋ ਉਠਿਆ ਕਿ ਅੱਜ ਭਾਈ ਸਾਹਿਬ ਜੀ ਸਦਕਾ ਮੈਨੂੰ ਸੱਚਖੰਡ ਸਾਹਿਬ ਦੀ ਹਜ਼ੂਰੀ ਵਿੱਚ ਕੀਰਤਨ ਕਰਨ ਦਾ ਮੌਕਾ ਮਿਲਿਆ ਹੈ। ਜਦੋਂ ਪੰਜਾਬ ਸਰਕਾਰ ਨੇ ਭਾਈ ਸਾਹਿਬ ਨੂੰ ਸ਼੍ਰੋਮਣੀ ਰਾਗੀ ਵਜੋਂ 'ਭਾਈ ਮਰਦਾਨਾ ਐਵਾਰਡ' ਨਾਲ ਸਨਮਾਨਿਤ ਕਰਨ ਦਾ ਫ਼ੈਸਲਾ ਕੀਤਾ ਤਾਂ ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿੱਚ ਹੋਏ ਸਨਮਾਨ ਸਮਾਰੋਹ ਵਿੱਚ ਮੈਂ ਸੁਰ-ਮੰਡਲ 'ਤੇ ਭਾਈ ਸਾਹਿਬ ਦਾ ਸਾਥ ਦਿੱਤਾ।

ਇਕ ਵਾਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਮੁਖੀ ਡਾ. ਤਾਰਨ ਸਿੰਘ ਤੇ ਉਨ੍ਹਾਂ ਦੇ ਸਾਥੀ ਪਿਆਰਾ ਸਿੰਘ ਪਦਮ ਤੇ ਡਾ. ਬਲਕਾਰ ਸਿੰਘ ਭਾਈ ਸਾਹਿਬ ਜੀ ਦੇ ਘਰ ਰਿਕਾਰਡਿੰਗ ਲਈ ਆਏ। ਉਸ ਸਮੇਂ ਮੈਨੂੰ ਭਾਈ ਸਾਹਿਬ ਨਾਲ ਤਾਨਪੁਰੇ 'ਤੇ ਗਾਇਨ ਕਰਨ ਦਾ ਸੁਭਾਗ ਸਮਾਂ ਪ੍ਰਾਪਤ ਹੋਇਆ। ਭਾਈ ਸਾਹਿਬ ਜੀ ਦੀ ਸੰਗਤ ਸਦਕਾ ਮੈਨੂੰ ਸਿੱਖ ਸੰਗਤ ਵੱਲੋਂ ਵੱਡਮੁੱਲਾ ਮਾਣ, ਸਤਿਕਾਰ ਅਤੇ ਪਿਆਰ ਮਿਲਿਆ।

ਮੈਂ ਭਾਈ ਸਾਹਿਬ ਜੀ ਦੀ ਯਾਦ ਨੂੰ ਆਪਣੇ ਜ਼ਿਹਨ ਵਿੱਚ ਸਦਾ ਵਸਾਈ ਰੱਖਣ ਲਈ ਤੇ ਆਪਣੇ ਭਾਵਾਤਮਕ ਸਾਂਝ ਨੂੰ ਹੋਰ ਦ੍ਰਿੜ੍ਹ ਕਰਨ ਵਜੋਂ ਆਪਣੇ ਮੁੱਲਾਂਪੁਰ ਸਥਿਤ ਗ੍ਰਹਿ ਦਾ ਨਾਮ 'ਸਵੱਰ ਸਮੁੰਦ' ਰੱਖਿਆ, ਜਿਥੇ ਅੱਜ ਤਕ ਭਾਈ ਸਮੁੰਦ ਸਿੰਘ ਜੀ ਦੀ ਰਿਕਾਰਡਿਡ ਆਵਾਜ਼ ਹਮੇਸ਼ਾ ਗੂੰਜਦੀ ਰਹਿੰਦੀ ਹੈ।

ਅੱਜ ਵੀ ਜਦੋਂ ਮੈਂ ਉਹਨਾਂ ਦੀਆਂ ਬੰਦਸ਼ਾਂ, ਗੀਤਾਂ ਤੇ ਤਾਲਾਂ ਵਿੱਚ ਸ਼ਬਦਾਂ ਦਾ ਗਾਇਨ ਕਰਦਾ ਹਾਂ ਤਾਂ ਸਿੱਖ ਸੰਗਤਾਂ ਵਿੱਚ ਕਈ ਬਜ਼ੁਰਗ ਮੈਨੂੰ ਗਲਵੱਕੜੀ ਵਿੱਚ ਲੈ ਪਿਆਰ ਦਿੰਦੇ ਹਨ ਤੇ ਕਹਿੰਦੇ ਹਨ ਕਿ ਅੱਜ ਸਾਨੂੰ ਭਾਈ ਸਾਹਿਬ ਜੀ ਦੀ ਗਾਇਕੀ ਦਾ ਆਨੰਦ ਦਿਵਾ ਦਿੱਤਾ ਹੈ। ਮੈਨੂੰ ਉਦੋਂ ਬਹੁਤ ਪ੍ਰਸੰਨਤਾ ਹੋਈ, ਜਦੋਂ 1978 ਵਿੱਚ ਮੇਰੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਮੇਰੀ ਗੁਜਾਰਿਸ਼ 'ਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਪ੍ਰਬੰਧਕਾਂ ਨੇ ਗੁਰਮਤਿ ਸੰਗੀਤ ਅਕੈਡਮੀ ਦਾ ਨਾਮ ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ ਰੱਖ ਦਿੱਤਾ ਤੇ ਮੈਨੂੰ ਆਨਰੇਰੀ ਪ੍ਰਿੰਸੀਪਲ ਥਾਪ ਕੇ ਉਹਨਾਂ ਦੀਆਂ ਸੇਵਾਵਾਂ ਪ੍ਰਤੀ ਸਮਰਪਿਤ ਹੋਣ ਦਾ ਮੌਕਾ ਦਿੱਤਾ।

ਇਸ ਅਕੈਡਮੀ ਦਾ ਉਦਘਾਟਨ ਭਾਈ ਸਾਹਿਬ ਜੀ ਦੀ ਸੁਪਤਨੀ ਬੀਬੀ ਦਯਾ ਕੌਰ ਜੀ

ਤੋਂ ਕਰਵਾਇਆ। ਜਿਨ੍ਹਾਂ ਨੇ ਭਾਈ ਸਾਹਿਬ ਜੀ ਦਾ ਤਾਨਪੁਰਾ ਇਸ ਸੰਸਥਾ ਨੂੰ ਭੇਂਟ ਕਰ ਕੇ ਉਹਨਾਂ ਦੀ ਯਾਦ ਸਦੀਵੀ ਬਣਾ ਦਿੱਤੀ।

1996 ਵਿੱਚ ਪੰਜਾਬ ਐਂਡ ਸਿੰਧ ਬੈਂਕ ਵੱਲੋਂ ਡਿਵੋਸ਼ਨਲ ਮਿਊਜ਼ਿਕ ਆਰਕਾਈਜ਼ ਦੀ ਜਲੰਧਰ ਵਿਖੇ ਸਥਾਪਨਾ ਹੋਈ। ਇਸ ਦੇ ਅੰਤਰਗਤ ਮੈਨੂੰ ਲਗਭਗ ਬਾਰ੍ਹਾਂ ਸਾਲ ਸੇਵਾ ਕਰਨ ਦਾ ਮੌਕਾ ਮਿਲਿਆ। ਉਥੇ ਰਹਿ ਕੇ ਮੈਂ ਭਾਈ ਸਾਹਿਬ ਦੀ ਗਾਇਨ ਸ਼ੈਲੀ ਦੀ ਸੰਭਾਲ, ਪ੍ਰਚਾਰ ਤੇ ਪ੍ਰਸਾਰ ਕਰਨ ਦਾ ਉਪਰਾਲਾ ਕੀਤਾ। ਇਸ ਸਮੇਂ ਸੁਕ੍ਰਿਤ ਟਰੱਸਟ ਵੱਲੋਂ ਸਥਾਪਤ ਸਵੱਰ-ਸਮੁੰਦ ਕੀਰਤਨ ਅਕੈਡਮੀ ਵਿੱਚ ਕੀਰਤਨ ਸਿਖਾਉਣ ਦੀ ਸੇਵਾ ਕਰ ਰਹਿਆ ਹਾਂ।

ਬੜੇ ਅਰਸੇ ਤੋਂ ਮੇਰੇ ਮਨ ਵਿੱਚ ਬਾਰ ਬਾਰ ਇਹ ਸੰਕਲਪ ਪੈਦਾ ਹੁੰਦਾ ਰਿਹਾ ਕਿ ਭਾਈ ਸਾਹਿਬ ਵਰਗੇ ਅਨਮੋਲ, ਦੁਰਲੱਭ ਤੇ ਵਿਲੱਖਣ ਹੀਰੇ ਤੋਂ ਕੌਮ ਨੂੰ ਜਾਣੂੰ ਕਰਵਾਇਆ ਜਾਏ ਤਾਂ ਜੋ ਮੈਂ ਉਹਨਾਂ ਦੀ ਦਿੱਤੀ ਦਾਤ ਦਾ ਕੁਝ ਕਰਜ਼ਾ ਚੁਕਾ ਸਕਾਂ।

ਇਸ ਲ਼ਈ ਸਮੇਂ ਸਮੇਂ 'ਤੇ ਪ੍ਰਸਿੱਧ ਰਾਗੀਆਂ, ਲੇਖਕਾਂ, ਵਿਦਵਾਨਾਂ ਨਾਲ ਪੱਤਰ-ਵਿਹਾਰ ਕਰ ਕੇ ਤੇ ਨਿੱਜੀ ਸੰਪਰਕ ਪੈਦਾ ਕਰ ਕੇ ਉਹਨਾਂ ਬਾਰੇ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਵਿੱਚ ਰਿਹਾ। ਲੰਮੀ ਘਾਲਣਾ ਤੋਂ ਬਾਅਦ ਕੁਝ ਵਿਸ਼ਾ-ਸਮੱਗਰੀ ਪ੍ਰਾਪਤ ਹੋ ਸਕੀ ਹੈ।

ਮੈਨੂੰ ਅਤਿਅੰਤ ਖ਼ੁਸ਼ੀ ਹੈ ਕਿ ਮੈਂ ਮੁੱਦਤਾਂ ਤੋਂ ਬਾਅਦ ਆਪਣਾ ਸੁਪਨਾ ਸਾਕਾਰ ਕਰ ਸਕਿਆ। ਭਾਈ ਸਾਹਿਬ ਜੀ ਦੀ ਜੀਵਨੀ ਅੱਡ ਅੱਡ ਪੱਧਰ ਦੇ ਸਿਲੇਬਸ ਦਾ ਹਿੱਸਾ ਹੋਣ ਕਾਰਨ ਸੰਗੀਤ ਦੇ ਵਿਦਿਆਰਥੀਆਂ ਨੂੰ ਵੀ ਯੋਗ ਅਗਵਾਈ ਦੇ ਸਕੇਗੀ।

ਭਾਈ ਸਮੁੰਦ ਸਿੰਘ ਜੀ ਦਾ ਜੀਵਨ-ਬਿਰਤਾਂਤ

ਅਕਾਲ ਪੁਰਖ ਜੋ ਕਿ "ਆਪਿ ਸਮੁੰਦੁ ਆਪਿ ਹੈ ਸਾਗਰੁ" ਨੇ ਆਪਣੀ ਰਹਿਮਤ ਵਰਤਾ ਕੇ ਸ. ਹਜ਼ੂਰਾ ਸਿੰਘ ਦੇ ਘਰ 1 ਜਨਵਰੀ, 1900 ਨੂੰ ਭਾਈ ਸਮੁੰਦ ਸਿੰਘ ਜੀ ਨੂੰ ਭੇਜਿਆ। ਪਿੰਡ ਹਮਜ਼ਾਂ, ਮੁੱਲਾਂ ਚੱਕ ਨੰ: 47, ਜ਼ਿਲ੍ਹਾ ਮਿੰਟਗੁਮਰੀ ਦੀ ਉਹ ਸੁਭਾਗੀ ਧਰਤੀ 'ਤੇ ਮਾਤਾ ਕਰਮ ਕੌਰ ਦੀ ਸੁਭਾਗੀ ਕੁੱਖ ਸੀ, ਜਿਸ ਨੇ ਇੰਨੇ ਵੱਡੇ ਕੀਰਤਨੀਏ ਨੂੰ ਜਨਮ ਦਿੱਤਾ। ਪਿਤਾ ਭਾਈ ਹਜ਼ੂਰਾ ਸਿੰਘ ਜੰਗਲਾਤ ਵਿਭਾਗ ਵਿੱਚ ਅਫ਼ਸਰ ਸਨ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਦੀ ਮੁੱਖ ਸੇਵਾਦਾਰ ਵਜੋਂ ਵੀ ਸੇਵਾ ਨਿਭਾਈ। ਇਸੇ ਕਾਰਨ ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਦੀ ਬਾਣੀ ਗਾਉਣ ਵਾਲਾ ਪੁੱਤਰ ਦਾਤ ਦੇ ਰੂਪ ਵਿੱਚ ਪ੍ਰਾਪਤ ਹੋਇਆ। ਭਾਈ ਸਾਹਿਬ ਦੀ ਦਾਦੀ ਵਿੱਚ ਵੀ ਰੂਹਾਨੀ ਜੋਤਿ ਜਗਦੀ ਸੀ ਅਤੇ ਉਨ੍ਹਾਂ ਦੀ ਜ਼ੁਬਾਨ 'ਤੇ ਹਮੇਸ਼ਾ ਸੁਖਮਨੀ ਸਾਹਿਬ ਦਾ ਪਾਠ ਹੁੰਦਾ। ਉਹ ਰੋਜ਼ ਪੰਜ ਪਾਠ ਸੁਖਮਨੀ ਸਾਹਿਬ ਦੇ ਕਰਦੇ।

ਕਾਕਾ ਸਮੁੰਦ ਸਿੰਘ ਨੂੰ ਘਰ ਵਿੱਚੋਂ ਹੀ ਕੀਰਤਨ ਦੀ ਪਹਿਲੀ ਗੁੜ੍ਹਤੀ ਆਪਣੇ ਪਿਤਾ ਤੋਂ ਮਿਲੀ, ਕਿਉਂਕਿ ਉਹ ਤਾਊਸ ਨਾਲ ਰੋਜ਼ ਕੀਰਤਨ ਕਰਿਆ ਕਰਦੇ ਸਨ ਅਤੇ ਸ. ਹਜ਼ੂਰਾ ਸਿੰਘ ਦਾ ਭਰਾ ਤੇ ਭਾਈ ਸਾਹਿਬ ਦਾ ਚਾਚਾ ਸ. ਗੁਰਦਿੱਤ ਸਿੰਘ ਤਬਲੇ 'ਤੇ ਸੰਗਤ ਕਰਦੇ। ਬਾਣੀ ਰਾਹੀਂ ਰਾਗ-ਰੰਗ-ਰਸ ਦਾ ਮਾਹੌਲ ਬੱਝ ਜਾਂਦਾ ਅਤੇ ਇਸ ਮਾਹੌਲ ਵਿੱਚ ਪਲੇ ਕਾਕਾ ਸਮੁੰਦ ਸਿੰਘ ਦੀ ਰੁਚੀ ਆਪ-ਮੁਹਾਰੇ ਕੀਰਤਨ ਵੱਲ ਹੋ ਗਈ। ਉਨ੍ਹਾਂ ਦੀ ਉਮਰ ਉਸ ਵੇਲੇ ਸਿਰਫ਼ ਸੱਤ ਸਾਲ ਦੀ ਸੀ, ਜਦੋਂ ਤੋਂ ਉਨ੍ਹਾਂ ਨੇ ਗੁਰਪੁਰਬਾਂ, ਧਾਰਮਿਕ ਸਮਾਗਮਾਂ ਅਤੇ ਸਿੰਘ ਸਭਾਵਾਂ ਵੱਲੋਂ ਆਯੋਜਿਤ ਕਾਨਫ਼ਰੰਸਾਂ ਵਿੱਚ ਸ਼ਬਦ ਪੜ੍ਹਨੇ ਆਰੰਭ ਕਰ ਦਿੱਤੇ ਸਨ। ਉਸ ਸਮੇਂ ਉਨ੍ਹਾਂ ਨੂੰ ਸਭ ਕਾਕਾ ਸਮੁੰਦ ਸਿੰਘ ਕਹਿ ਕੇ ਬੁਲਾਉਂਦੇ। ਆਪ ਦੀ ਸੁੰਦਰ ਮਿੱਠੀ ਆਵਾਜ਼ ਤੇ ਪ੍ਰਭਾਵਸ਼ਾਲੀ ਮਨਮੋਹਕ ਚਿਹਰੇ ਨੂੰ ਦੇਖਣ ਲਈ ਪੰਡਾਲ ਵਿੱਚ ਪਿੱਛੇ ਬੈਠੀਆਂ ਸੰਗਤਾਂ ਉਪਰ ਉਠ ਉਠ ਕੇ ਤੱਕਦੀਆਂ। ਪਿਤਾ ਹਜ਼ੂਰਾ ਸਿੰਘ ਗੱਦ ਗੱਦ ਹੁੰਦੇ, ਜਿਨ੍ਹਾਂ ਦੀ ਇੱਛਾ ਸੀ ਕਿ ਉਨ੍ਹਾਂ ਦਾ ਸਪੁੱਤਰ ਸਮੁੰਦ ਸਿੰਘ ਇਕ ਰਸੀਲਾ ਕੀਰਤਨੀਆ ਬਣੇ।

ਸ. ਹਜ਼ੂਰਾ ਸਿੰਘ ਜੀ ਦੀ ਪ੍ਰੇਰਣਾ ਸ਼ਕਤੀ ਕਰ ਕੇ ਭਾਈ ਸਾਹਿਬ ਨੂੰ ਕਈ ਗੁਣੀ ਗਵੱਈਆਂ ਦੀ ਸੰਗਤ ਪ੍ਰਾਪਤ ਹੋਈ। ਉਨ੍ਹਾਂ ਭਾਈ ਸਾਹਿਬ ਨੂੰ ਮਹੰਤ ਸ਼ਾਮ ਸਿੰਘ ਪਾਸੋਂ ਸੰਗੀਤ ਵਿੱਦਿਆ ਪ੍ਰਾਪਤ ਕਰਵਾਈ। ਭਾਈ ਹੀਰਾ ਸਿੰਘ ਫਰੂਕੇ ਵਾਲਿਆਂ ਨੂੰ ਬੇਨਤੀ ਕੀਤੀ ਗਈ ਤੇ ਉਨ੍ਹਾਂ ਭਾਈ ਸਾਹਿਬ ਨੂੰ ਰਾਗ ਵਿੱਦਿਆ ਪੂਰੇ ਰੂਹ ਨਾਲ ਦਿੱਤੀ। ਆਪ ਜੀ ਨੂੰ ਆਪਣੇ ਸਮਕਾਲੀ ਰਾਗੀ ਭਾਈ ਸ਼ੇਰ ਸਿੰਘ ਜੀ ਦੀ ਵੀ ਨੇੜਤਾ ਹਾਸਲ ਹੋਈ।

ਭਾਈ ਸਾਹਿਬ ਨੇ ਭਾਈ ਪਿਆਰਾ ਸਿੰਘ ਰਬਾਬੀ ਜੀ ਤੋਂ ਅਤੇ ਬੜੇ ਗ਼ੁਲਾਮ ਅਲੀ ਖ਼ਾਂ ਦੀ ਗਾਇਕੀ ਤੋਂ ਵੀ ਪ੍ਰੇਰਣਾ ਲਈ। ਜਦੋਂ ਵੀ ਕਦੀ ਮੌਕਾ ਮਿਲਦਾ, ਵੱਡੇ ਵੱਡੇ ਗਵੱਈਆਂ

ਦੀ ਸੰਗਤ ਕਰਦੇ। ਭਾਈ ਸਾਹਿਬ ਆਪਣੇ ਸਮੇਂ ਦੌਰਾਨ ਸੰਤਾਂ ਤੇ ਸੰਗਤਾਂ ਦੀਆਂ ਬਖ਼ਸ਼ਿਸ਼ਾਂ ਦੇ ਵਿਸ਼ੇਸ਼ ਤੌਰ 'ਤੇ ਪਾਤਰ ਰਹੇ।

ਸਾਰਾ ਜੀਵਨ ਆਪ ਨੇ ਸੰਤਾਂ ਦੀ ਸੰਗਤ ਕੀਤੀ ਤੇ ਉਨ੍ਹਾਂ ਦੀਆਂ ਬਖ਼ਸ਼ਿਸ਼ਾਂ ਦੇ ਪਾਤਰ ਬਣੇ। ਸੰਤ ਅਤਰ ਸਿੰਘ ਮਸਤੂਆਣੇ ਵਾਲੇ, ਸੰਤ ਸ਼ਾਮ ਸਿੰਘ, ਸੰਤ ਅਤਰ ਸਿੰਘ ਹੋਤੀ ਮਰਦਾਨ ਵਾਲੇ, ਸੰਤ ਸੰਗਤ ਸਿੰਘ ਕਮਾਲੀਏ ਵਾਲੇ, ਸੰਤ ਈਸ਼ਰ ਸਿੰਘ ਰਾੜੇ ਵਾਲੇ ਤੇ ਬਾਬਾ ਨੰਦ ਸਿੰਘ ਕਲੇਰਾਂ ਵਾਲੇ ਆਪ ਨੂੰ ਉਚੇਚੇ ਤੌਰ 'ਤੇ ਸੱਦਦੇ।

ਆਧੁਨਿਕ ਪੰਜਾਬੀ ਸਾਹਿਤ ਦੇ ਨਿਰਮਾਤਾ ਭਾਈ ਵੀਰ ਸਿੰਘ ਜੀ ਤੇ ਪ੍ਰੋ. ਪੂਰਨ ਸਿੰਘ ਨਾਲ ਉਨ੍ਹਾਂ ਦੇ ਨਿੱਜੀ ਸੰਬੰਧ ਸਨ। ਐੱਸ.ਐੱਸ. ਅਮੋਲ ਉਨ੍ਹਾਂ ਦੇ ਵਿਸ਼ੇਸ਼ ਪ੍ਰਸੰਸਕ ਅਤੇ ਸਰੋਤਾ ਸਨ। ਸੁਰਜੀਤ ਸਿੰਘ ਮਰਜਾਰਾ ਜੀ ਵੀ ਆਪ ਦੀ ਗਾਇਕੀ ਤੋਂ ਪ੍ਰਭਾਵਿਤ ਸਨ।

ਭਾਈ ਸਮੁੰਦ ਸਿੰਘ ਜੀ ਸੁਹਣੀ ਸੂਰਤ ਅਤੇ ਸੀਰਤ ਦੇ ਮਾਲਕ ਸਨ। ਸਰੀਰਕ ਤੌਰ 'ਤੇ ਮੱਧਰਾ ਕੱਦ, ਮੋਟੇ ਮੋਟੇ ਨੈਣ-ਨਕਸ਼, ਪ੍ਰਭਾਵਸ਼ਾਲੀ ਦਾਹੜਾ, ਦੀਦਾਰੀ ਮੁੱਖੜਾ, ਨੀਲੀ ਦਸਤਾਰ, ਸਫ਼ੈਦ ਕੁੜਤਾ-ਪਜਾਮਾ ਤੇ ਬਦਾਮੀ ਰੰਗ ਦੀ ਵਾਸਕਟ ਆਪ ਦੀ ਸ਼ਖ਼ਸੀਅਤ ਨੂੰ ਮਿਕਨਾਤੀਸੀ ਬਣਾ ਦਿੰਦੇ। ਦਸਤਾਰ ਉਹ ਬਹੁਤ ਪੋਚਵੀਂ ਬੰਨ੍ਹਦੇ ਸਨ। ਹਰ ਇਕ ਨੂੰ ਉਨ੍ਹਾਂ ਵਿੱਚੋਂ ਪੂਰਨ ਖ਼ਾਲਸੇ ਦਾ ਦੀਦਾਰ ਹੁੰਦਾ। ਸੀਰਤ ਦੇ ਪੱਖ ਤੋਂ ਉਨ੍ਹਾਂ ਦੀ ਕੋਈ ਰੀਸ ਨਹੀਂ ਸੀ। ਨਿਰੰਕਾਰ ਨੇ ਉਨ੍ਹਾਂ ਦੀ ਆਵਾਜ਼ ਵਿੱਚ ਜੋ ਸ਼ੁੱਧਤਾ, ਸਪੱਸ਼ਟਤਾ ਤੇ ਮਧੁਰਤਾ ਬਖ਼ਸ਼ੀ ਉਹੀ ਵਿਸ਼ੇਸ਼ ਗੁਣਾਂ ਨੇ ਉਨ੍ਹਾਂ ਨੂੰ ਲੋਕਾਂ ਦੇ ਦਿਲਾਂ ਦਾ ਸਵੱਰ-ਸਮਰਾਟ ਬਣਾ ਦਿੱਤਾ।

ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ ਦਾ ਜੀਵਨ ਬਹੁਤ ਪਾਕ-ਪਵਿੱਤਰ ਸੀ। ਜਿਥੇ ਉਹ ਮਿਹਨਤੀ, ਸਿਰੜੀ ਅਤੇ ਦ੍ਰਿੜ੍ਹ ਵਿਸ਼ਵਾਸੀ ਸਨ, ਉਥੇ ਭਾਉ-ਭਾਵਨੀ ਅਤੇ ਭਗਤੀ ਵਿੱਚ ਵੀ ਓਤਪੋਤ ਸਨ। ਉਹ ਮੂੰਹ ਹਨੇਰੇ ਉਠਦੇ। ਚਾਰ ਵਜੇ ਆਸਾ ਜੀ ਦੀ ਵਾਰ ਦਾ ਕੀਰਤਨ ਆਰੰਭ ਕਰ ਦਿੰਦੇ। ਆਸਾ ਜੀ ਦੀ ਵਾਰ ਦਾ ਕੀਰਤਨ ਉਨ੍ਹਾਂ ਦੀ ਰੂਹਾਨੀ ਖ਼ੁਰਾਕ ਸੀ। ਕਈ ਵਾਰ ਜਦੋਂ ਉਹ ਰਾਤ ਨੂੰ ਕੀਰਤਨ ਸਮਾਗਮਾਂ 'ਤੇ ਜਾਂਦੇ ਅਤੇ ਉਥੋਂ ਬਾਰ੍ਹਾਂ-ਇਕ ਵਜੇ ਘਰ ਪਰਤਦੇ ਤਾਂ ਵੀ ਉਹ ਤੜਕਸਾਰ ਉਠਣਾ ਕਦੇ ਨਹੀਂ ਖੁੰਝਾਂਦੇ ਸਨ। ਫਿਰ ਆਪ ਇਹ ਕਦੀ ਨਹੀਂ ਸੀ ਕਰਦੇ ਕਿ ਆਪਣੇ ਕੀਰਤਨ ਕਰਨ ਉਪਰੰਤ ਸਮਾਗਮ ਵਿੱਚੋਂ ਉਠ ਕੇ ਚਲੇ ਜਾਣ। ਘੰਟਿਆਂ-ਬੱਧੀ ਉਹ ਹੋਰ ਰਾਗੀਆਂ ਦਾ ਕੀਰਤਨ ਵੀ ਸਨਮੁੱਖ ਬੈਠ ਕੇ ਸੁਣਦੇ ਸਨ। ਉਨ੍ਹਾਂ ਨੂੰ ਕੀਰਤਨ ਕਰ ਕੇ ਅਤੇ ਸੁਣ ਕੇ ਅਗੰਮੀ ਤਾਕਤ ਮਿਲਦੀ। ਆਪ ਕੀਰਤਨ ਕਰਨ ਸਮੇਂ ਅਤੇ ਸੁਣਨ ਸਮੇਂ ਗੁਰੂ ਸਾਹਿਬ ਨੂੰ ਹਾਜ਼ਰ-ਨਾਜ਼ਰ ਸਮਝਦੇ ਸਨ। ਪ੍ਰੋ. ਨਰੈਣ ਸਿੰਘ (ਟੀਕਾਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਉਨ੍ਹਾਂ ਦੇ ਇਕ ਪ੍ਰਮੁੱਖ ਸਰੋਤਾ ਸਨ। ਉਹ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਗੁਜ਼ਰਾਂਵਾਲਾ ਵਿੱਚ ਨੇਮ ਨਾਲ ਕੀਰਤਨ ਸੁਣਨ ਜਾਂਦੇ। ਭਾਈ ਸਾਹਿਬ ਅੱਖਾਂ ਮੂੰਦ ਕੇ ਪੂਰੇ ਆਨੰਦ ਨਾਲ ਕੀਰਤਨ ਕਰਦੇ। ਵੱਡੇ ਵੱਡੇ ਸਮਾਗਮਾਂ ਵਿੱਚ ਗੁਰਦੁਆਰਾ ਸਾਹਿਬ ਦਾ ਹਾਲ ਖਚਾਖਚ ਭਰ ਜਾਂਦਾ ਤੇ ਕਦੀ ਆਮ ਦਿਹਾੜਿਆਂ ਵਿੱਚ ਸੰਗਤਾਂ ਘੱਟ ਹੁੰਦੀਆਂ। ਇਕ ਦਿਨ ਬਾਵਾ ਨਰੈਣ ਸਿੰਘ ਨੇ ਭਾਈ ਸਾਹਿਬ ਨੂੰ ਸੁਆਲ ਕੀਤਾ, "ਸਰੋਤਾ ਇਕ ਹੋਵੇ ਜਾਂ ਦੋ ਹੋਣ ਜਾਂ ਸੈਂਕੜੇ, ਮੈਂ ਤੁਹਾਡੇ ਅਲਾਪ, ਤਾਨ, ਗਾਇਨ ਵਿੱਚ ਕਦੇ ਕੋਈ ਅੰਤਰ ਨਹੀਂ ਦੇਖਿਆ, ਇਸ ਦਾ ਕੀ ਕਾਰਨ ਹੈ ?" ਭਾਈ ਸਾਹਿਬ ਦੇ ਨੈਣਾਂ ਵਿੱਚ ਚਮਕ ਆ ਗਈ ਤੇ ਉਨ੍ਹਾਂ ਕਿਹਾ, "ਬਾਵਾ ਜੀ! ਮੈਂ ਕੀਰਤਨ ਆਪਣੇ ਗੁਰੂ ਨਾਨਕ ਪਾਤਸ਼ਾਹ ਨੂੰ ਹਾਜ਼ਰ-ਨਾਜ਼ਰ ਸਮਝ ਕੇ ਕਰਦਾ ਹਾਂ।

ਉਨ੍ਹਾਂ ਨੂੰ ਹੀ ਸੁਣਾਉਂਦਾ ਹਾਂ, ਇਸ ਲਈ ਮੈਨੂੰ ਸੰਗਤ ਦੀ ਥੋੜ੍ਹੀ ਜਾਂ ਬਹੁਤੀ ਹਾਜ਼ਰੀ ਦਾ ਕੋਈ ਫ਼ਰਕ ਨਹੀਂ ਪੈਂਦਾ।"

ਭਾਈ ਸਾਹਿਬ ਆਪਣੇ ਸਮੇਂ ਦੇ ਸਿਰਕੱਢ ਕੀਰਤਨੀਏ ਵਜੋਂ ਪ੍ਰਸਿੱਧ ਹੋਏ। ਉਨ੍ਹਾਂ ਨੂੰ ਰੇਡੀਓ ਸਟੇਸ਼ਨ ਵੱਲੋਂ ਏ-ਕਲਾਸ ਕਲਾਕਾਰ ਵਜੋਂ ਪ੍ਰਮਾਣਿਤ ਕੀਤਾ ਗਿਆ। ਉਨ੍ਹਾਂ ਦਾ ਪਹਿਲਾ ਪ੍ਰੋਗਰਾਮ 1936 ਵਿੱਚ ਲਾਹੌਰ ਦੇ ਰੇਡੀਓ ਸਟੇਸ਼ਨ ਤੋਂ ਬ੍ਰਾਡਕਾਸਟ ਹੋਇਆ। ਇਸ ਨਾਲ ਉਨ੍ਹਾਂ ਦੀ ਆਵਾਜ਼ ਸਮੁੱਚੇ ਹਿੰਦੁਸਤਾਨ ਦੀਆਂ ਸੰਗਤਾਂ ਤਕ ਪਹੁੰਚ ਗਈ। ਰੇਡੀਓ ਰਾਹੀਂ ਆਪ ਜੀ ਦੀ ਜਾਦੂਮਈ ਆਵਾਜ਼ ਜਦੋਂ ਪ੍ਰਸਿੱਧ ਗਵੱਈਏ ਬੜੇ ਗ਼ੁਲਾਮ ਅਲੀ ਖ਼ਾਂ ਦੇ ਕੰਨੀਂ ਪਈ ਤਾਂ ਉਨ੍ਹਾਂ ਭਾਈ ਸਾਹਿਬ ਨੂੰ ਟੈਲੀਫ਼ੋਨ 'ਤੇ ਆਪਣੇ ਘਰ ਦਰਸ਼ਨ ਦੇਣ ਲਈ ਬੇਨਤੀ ਕੀਤੀ। ਫਿਰ ਇਸ ਤੋਂ ਪਿੱਛੋਂ ਆਪ ਨੇ ਕਲਕੱਤਾ, ਰਾਂਚੀ, ਜੈਪੁਰ, ਜੋਧਪੁਰ ਦੇ ਰੇਡੀਓ ਸਟੇਸ਼ਨਾਂ ਰਾਹੀਂ ਪ੍ਰੋਗਰਾਮ ਦਿੱਤੇ। ਇਕ ਵਾਰ ਭਾਈ ਸਾਹਿਬ ਨੂੰ ਨੈਸ਼ਨਲ ਪ੍ਰੋਗਰਾਮ ਲਈ ਦਿੱਲੀ ਸੱਦਿਆ ਗਿਆ। ਉਥੇ ਬਹੁਤ ਸਾਰੇ ਗਵੱਈਏ ਆਪਣੀ ਗਾਇਕੀ ਦਾ ਰੰਗ ਦਿਖਾਉਣ ਲਈ ਪੁੱਜੇ ਹੋਏ ਸਨ। ਭਾਈ ਸਾਹਿਬ ਨੇ ਇਕ ਸ਼ਬਦ ਦਾ ਗਾਇਣ ਕੀਤਾ। ਸ਼ਬਦ ਇਤਨਾ ਪ੍ਰਭਾਵਸ਼ਾਲੀ ਰਿਹਾ ਕਿ ਅਗਲੇ ਦਿਨ ਵੱਡੇ ਵੱਡੇ ਅਖ਼ਬਾਰਾਂ ਦੀਆਂ ਸੁਰਖ਼ੀਆਂ ਵਿੱਚ ਭਾਈ ਸਾਹਿਬ ਦਾ ਸ਼ਬਦ ਪ੍ਰਮੁੱਖ ਰੂਪ ਵਿੱਚ ਸਲਾਹਿਆ ਗਿਆ। ਆਪ ਦੀ ਗਾਇਕੀ ਤੋਂ ਪ੍ਰਸੰਨ-ਚਿੱਤ ਹੋ ਕੇ ਮਹਾਰਾਜਾ ਪਟਿਆਲਾ ਨੇ ਭਾਈ ਸਾਹਿਬ ਨੂੰ ਆਪਣੇ ਪਾਸ ਰੱਖਣ ਲਈ ਸ. ਹਜ਼ੂਰਾ ਸਿੰਘ ਪਾਸ ਪੇਸ਼ਕਸ਼ ਕੀਤੀ ਤੇ ਕਾਫ਼ੀ ਰਕਮ ਦੇਣ ਦਾ ਇਰਾਦਾ ਦੱਸਿਆ। ਪਰ ਉਹ ਇਸ ਗੱਲ ਲਈ ਸਹਿਮਤ ਨਾ ਹੋਏ।

ਭਾਈ ਸਾਹਿਬ ਦਾ ਕੀਰਤਨ ਕਰਨ ਦਾ ਢੰਗ ਨਿਵੇਕਲਾ ਅਤੇ ਵਿਲੱਖਣ ਸੀ। ਗਲੇ ਦਾ ਸੁਰੀਲਾਪਨ, ਬਾਣੀ ਦੀ ਸ਼ੁੱਧਤਾ, ਰਾਗ ਦੀ ਮਿਠਾਸ ਤੇ ਚਿਹਰੇ ਦਾ ਟਿਕਾਅ ਹਰ ਇਕ ਨੂੰ ਮੋਹ ਲੈਂਦਾ। ਇਸੇ ਕਰਕੇ ਹਰ ਫ਼ਿਰਕੇ ਦੇ ਲੋਕ ਉਨ੍ਹਾਂ ਨੂੰ ਬੜੀ ਖ਼ੁਸ਼ੀ ਨਾਲ ਸੁਣਦੇ, ਰਸ ਮਾਣਦੇ ਤੇ ਸਲਾਹੁੰਦੇ ਸਨ। ਆਪ ਦੇ ਪ੍ਰਸ਼ੰਸਕਾਂ ਵਿੱਚ ਹਰ ਫ਼ਿਰਕੇ, ਹਰ ਮਜ਼੍ਹਬ ਤੇ ਹਰ ਉਮਰ ਦੇ ਸਰੋਤਾ ਸਨ। ਇੰਨੀ ਵਡਿਆਈ ਤੇ ਪ੍ਰਸ਼ੰਸਾ ਪਿੱਛੇ ਉਨ੍ਹਾਂ ਦੀ ਸਾਧਨਾ ਸੀ। ਉਨ੍ਹਾਂ ਨੇ ਲਗਭਗ ਤੀਹ ਸਾਲ ਨਿਰੰਤਰ ਸ੍ਰੀ ਨਨਕਾਣਾ ਸਾਹਿਬ ਵਿਖੇ ਕੀਰਤਨ ਦੀ ਸੇਵਾ ਨਿਭਾਹੀ। ਅਗਸਤ 1947 ਸਮੇਂ ਪਾਕਿਸਤਾਨ ਬਣਨ ਉਪਰੰਤ ਆਪ ਨੂੰ ਇਹ ਪਵਿੱਤਰ ਧਰਤੀ ਛੱਡਣੀ ਪਈ। ਉਸ ਭੀੜ ਸਮੇਂ ਵੀ ਆਪ ਭਰੇ-ਭਰਾਏ ਘਰ, ਜ਼ਮੀਨ-ਜਾਇਦਾਦ ਛੱਡ ਇਧਰ ਆਏ, ਪਰ ਆਉਂਦੇ ਹੋਏ ਆਪਣੇ ਤਾਨਪੁਰੇ ਨੂੰ ਦੋਹੀਂ ਹੱਥੀਂ ਘੁੱਟ ਰਿਆਜ਼ ਕਰਨ ਲਈ ਨਾਲ ਲੈ ਆਏ। ਉਹ ਤਾਨਪੁਰੇ 'ਤੇ ਘੰਟਿਆਂ-ਬੱਧੀ ਰਿਆਜ਼ ਕਰਦੇ ਸਨ। ਤਾਨਪੁਰੇ ਨਾਲ ਉਨ੍ਹਾਂ ਦੀ ਸਾਂਝ ਬਹੁਤ ਪੀਢੀ ਸੀ। ਉਨ੍ਹਾਂ ਲਈ ਰਾਗ-ਬੱਧ ਬਾਣੀ ਹੀ ਪਰਮਾਤਮਾ ਦੀ ਸੱਚੀ-ਸੁੱਚੀ ਆਰਾਧਨਾ ਤੇ ਸਾਧਨਾ ਸੀ ਅਤੇ ਉਸੇ ਦੀ ਪ੍ਰਾਪਤੀ ਲਈ ਉਹ ਯਤਨ ਕਰਦੇ ਰਹੇ। ਉਹ ਆਪ ਆਖਦੇ ਸਨ, "ਸੰਗੀਤ ਕਰਤੇ ਦੀ ਵਿੱਦਿਆ ਹੈ, ਇਸ ਦੇ ਰਿਆਜ਼ ਕਰਨ ਵਾਲਾ ਇਕ ਸਫਲ ਸੰਗੀਤਕਾਰ ਬਣ ਸਕਦਾ ਹੈ।" ਇਕ ਵਾਰ ਭਾਈ ਅਵਤਾਰ ਸਿੰਘ ਭਾਈ ਸਾਹਿਬ ਨੂੰ ਮਿਲਣ ਲਈ ਗਏ, ਉਹ ਬੀਮਾਰ ਮੰਜੇ 'ਤੇ ਪਏ ਸਨ। ਪਰ ਮੰਜੇ ਸਿਰਹਾਣੇ ਹੀ ਤਾਨਪੁਰਾ ਪਿਆ ਸੀ। ਉਨ੍ਹਾਂ ਨੇ ਭਾਈ ਸਾਹਿਬ ਨੂੰ ਪੁੱਛਿਆ ਕਿ ਤੁਸੀਂ ਇੰਨੀ ਬੀਮਾਰੀ ਵਿੱਚ ਵੀ ਤਾਨਪੁਰਾ ਛੇੜਦੇ ਹੋ ਤਾਂ ਭਾਈ ਸਾਹਿਬ ਨੇ ਕਿਹਾ, "ਮੈਂ ਆਪਣੀ ਕਲਾ ਨੂੰ ਜਦ ਤਕ ਸੁਆਸ ਹਨ, ਬੁੱਢਿਆਂ ਨਹੀਂ ਹੋਣ ਦੇਣਾ। ਸਵੇਰ ਤੋਂ ਹੁਣ ਤਕ ਦੋ ਤਿੰਨ ਵਾਰ ਤਾਨਪੁਰੇ ਨਾਲ ਕੀਰਤਨ ਅਭਿਆਸ ਕਰ ਚੁੱਕਾ ਹਾਂ। ਕੀਰਤਨ ਮੇਰਾ ਜੀਵਨ ਹੈ। ਕੀਰਤਨ ਨਾਲ ਮੇਰੀ ਜਨਮ-ਮਰਨ ਦੀ ਸਾਂਝ ਹੈ।"

ਭਾਈ ਸਾਹਿਬ ਜੀ ਦੀ ਸਾਧਨਾ ਅਤੇ ਕਲਾਤਮਕ ਸਿਖਰਾਂ ਨੂੰ ਦੇਖਦਿਆਂ ਲੱਗਦਾ ਹੋਵੇਗਾ ਕਿ ਸ਼ਾਇਦ ਉਹ ਆਪਣੇ ਗ੍ਰਿਹਸਤ ਜੀਵਨ ਤੋਂ ਉਪਰਾਮ ਰਹੇ ਹੋਣਗੇ। ਪਰ ਨਹੀਂ, ਉਹ ਤਾਂ ਇਕ ਆਗਿਆਕਾਰ ਪੁੱਤਰ, ਖ਼ੁਸ਼ਗਵਾਰ ਪਿਤਾ ਤੇ ਸੁਹਿਰਦ ਪਤੀ ਵਜੋਂ ਪ੍ਰਵਾਨ ਹੋਏ। ਉਨ੍ਹਾਂ ਗ੍ਰਿਹਸਤ ਜੀਵਨ ਦੀਆਂ ਜ਼ਿੰਮੇਵਾਰੀਆਂ ਬਖ਼ੂਬੀ ਨਿਭਾਹੀਆਂ। ਉਨ੍ਹਾਂ ਦੀ ਪਤਨੀ ਬੀਬੀ ਦਇਆ ਕੌਰ ਧਰਮ ਅਤੇ ਧੀਰਜ ਦੀ ਮੂਰਤ ਸਨ। ਜੋ ਮਿਲਣ ਆਏ-ਗਏ ਦੀ ਸੇਵਾ ਖਿੜੇ ਮੱਥੇ ਕਰਦੇ। ਉਨ੍ਹਾਂ ਦੀਆਂ ਤਿੰਨ ਬੇਟੀਆਂ ਨੇ ਉੱਚ-ਵਿੱਦਿਆ ਪ੍ਰਾਪਤ ਕਰ ਕੇ ਉੱਚੇ ਅਹੁਦੇ ਪ੍ਰਾਪਤ ਕੀਤੇ। ਉਨ੍ਹਾਂ ਦੇ ਇਕਲੌਤੇ ਪੁੱਤਰ ਸ. ਹਰਭਜਨ ਸਿੰਘ ਨੇ ਇੰਜੀਨੀਅਰਿੰਗ ਦੀ ਪੜ੍ਹਾਈ ਕੀਤੀ ਅਤੇ ਅਮਰੀਕਾ ਵਿੱਚ ਉੱਚੇ ਅਹੁਦੇ 'ਤੇ ਸਥਾਪਤ ਹੋਏ।

ਗੁਰੂ ਸਾਹਿਬ ਜੀ ਦੀ ਅਪਾਰ ਕ੍ਰਿਪਾ ਨਾਲ ਜਿਨ੍ਹਾਂ ਪਰਿਵਾਰਾਂ ਵਿੱਚ ਉਨ੍ਹਾਂ ਦੇ ਪੁੱਤਰ-ਪੁੱਤਰੀਆਂ ਦੇ ਵਿਆਹ ਸੰਬੰਧ ਜੁੜੇ, ਉਹ ਵੀ ਵਿਦਵਾਨ ਗੁਰਸਿੱਖ ਪਰਿਵਾਰ ਸਨ। ਇਹੋ ਜਿਹੇ ਹੱਸਦੇ-ਵੱਸਦੇ ਪਰਿਵਾਰ ਵਿੱਚ ਜਦੋਂ ਵੀ ਭਾਈ ਸਾਹਿਬ ਨੂੰ ਬੈਠਣ ਦਾ ਮੌਕਾ ਮਿਲਦਾ, ਉਹ ਹਾਸਾ-ਠੱਠਾ ਵੀ ਕਰਿਆ ਕਰਦੇ। ਸਮਾਜ ਵਿੱਚ ਵਿਚਰਨ ਘੇਰਾ ਮੋਕਲਾ ਹੋਣ ਕਰਕੇ ਉਹ ਆਪਣੇ ਅਨੁਭਵ ਸਾਰੇ ਪਰਿਵਾਰ ਵਿੱਚ ਸਾਂਝੇ ਕਰਦੇ। ਉਨ੍ਹਾਂ ਦੇ ਸਪੁੱਤਰ ਨੇ ਵਿਸ਼ੇਸ਼ ਕਰਕੇ ਉਨ੍ਹਾਂ ਦੀ ਗਾਇਕੀ ਦਾ ਪ੍ਰਭਾਵ ਕਬੂਲਿਆ ਅਤੇ ਅੱਜ ਵੀ ਅਮਰੀਕਾ ਵਿੱਚ ਬੈਠੇ, ਉਨ੍ਹਾਂ ਦੀਆਂ ਬੰਦਸ਼ਾਂ ਗਾ ਗਾ ਕੇ ਉਨ੍ਹਾਂ ਦੀ ਗਾਇਕੀ ਨੂੰ ਸੁਰਜੀਤ ਕਰ ਰਹੇ ਹਨ। ਅੱਜ ਭਾਈ ਸਾਹਿਬ ਦੀ ਨੇਕ ਅਤੇ ਪਵਿੱਤਰ ਕਮਾਈ ਸਦਕਾ ਸਮੁੱਚਾ ਪਰਿਵਾਰ ਰੂਹਾਨੀ ਅਤੇ ਦੁਨਿਆਵੀ ਪ੍ਰਤਿਸ਼ਠਾ ਨੂੰ ਹਾਸਲ ਕਰ ਸਕਿਆ ਹੈ।

ਗੁਰਮਤਿ ਨੇ ਇਕ ਕਸਵੱਟੀ ਦਿੱਤੀ ਹੈ, "ਖੋਲਿ ਖਜਾਨਾ ਸਬਦੁ ਦਾ ਸਾਧ ਸੰਗਤਿ ਸਚੁ ਮੇਲਿ ਮਿਲਾਇਆ", ਜਿਸ ਨੂੰ ਭਾਈ ਸਾਹਿਬ ਨੇ ਆਪਣੀ ਜ਼ਿੰਦਗੀ ਵਿੱਚ ਅਪਣਾਇਆ। ਉਨ੍ਹਾਂ ਨਾਨਕ ਬਾਣੀ ਵਿੱਚ ਡੂੰਘੀ ਟੁੱਭੀ ਲਾਈ ਅਤੇ ਰਾਗ-ਰਤਨ ਨਾਲ ਭਰਪੂਰ ਖ਼ਜ਼ਾਨੇ ਨੂੰ ਪ੍ਰਾਪਤ ਕੀਤਾ। ਉਹ ਜਿਥੇ ਆਪ ਇਸ ਅਤੁੱਟ, ਅਮੋਲਕ ਤੇ ਦੁਰਲੱਭ ਖ਼ਜ਼ਾਨੇ ਨਾਲ ਮਾਲੋ-ਮਾਲ ਹੋ ਗਏ, ਉਥੇ ਉਨ੍ਹਾਂ ਆਪਣੇ ਸਾਥੀਆਂ ਨੂੰ ਵੀ ਮਾਲੋ-ਮਾਲ ਕਰ ਦਿੱਤਾ। ਲੰਮੇ ਸਮੇਂ ਤਕ ਕੀਰਤਨ ਦੀ ਸੇਵਾ ਵਿੱਚ ਸ. ਤੇਜਾ ਸਿੰਘ ਤੇ ਸ. ਹਰਨਾਮ ਸਿੰਘ ਨੇ ਉਨ੍ਹਾਂ ਨਾਲ ਸੰਗਤ ਕੀਤੀ। ਬਹੁਤ ਥੋੜ੍ਹਾ ਸਮਾਂ ਸ. ਪਰਮਜੋਤ ਸਿੰਘ ਨੂੰ ਵੀ ਉਨ੍ਹਾਂ ਦੀ ਸੰਗਤ ਮਾਨਣ ਦਾ ਨਿੱਘ ਪ੍ਰਾਪਤ ਹੋਇਆ। ਪਰ ਜੋ ਵੀ ਉਨ੍ਹਾਂ ਦੇ ਸੰਪਰਕ ਵਿੱਚ ਆਇਆ, ਉਸ ਨੂੰ ਦੁਨਿਆਵੀ ਅਤੇ ਰੂਹਾਨੀ ਤਾਕਤ ਪ੍ਰਾਪਤ ਹੋਈ।

ਭਾਈ ਸਾਹਿਬ ਜੀ ਦੀਆਂ ਅਸੀਸਾਂ ਸਦਕਾ ਸ. ਤੇਜਾ ਸਿੰਘ ਦੇ ਲੜਕੇ ਸ. ਹਰਕੀਰਤ ਸਿੰਘ ਨੇ ਵਿਦਿਅਕ ਅਤੇ ਦੁਨਿਆਵੀ ਖੇਤਰ ਵਿੱਚ ਬੁਲੰਦੀਆਂ ਨੂੰ ਛੂਹਿਆ। ਸ. ਹਰਨਾਮ ਸਿੰਘ ਦੇ ਸਮੁੱਚੇ ਪਰਿਵਾਰ ਵਿੱਚ ਰੱਬੀ ਰਹਿਮਤਾਂ ਦਾ ਮੀਂਹ ਵਰ੍ਹ ਰਿਹਾ ਹੈ। ਉਹ ਤਾਂ ਇਥੋਂ ਤਕ ਮੰਨਦੇ ਹਨ ਕਿ ਮੇਰਾ ਵੱਡਾ ਬੇਟਾ ਅੰਮ੍ਰਿਤਪਾਲ ਤਾਂ ਉਨ੍ਹਾਂ ਦੀ ਅਰਜ਼ੋਈ ਸਦਕਾ ਪੈਦਾ ਹੋਇਆ। ਉਨ੍ਹਾਂ ਨੇ ਜਜ਼ਬਾਤੀ ਰੌਅ ਵਿੱਚ ਆਪਣੇ ਮੂੰਹੋਂ ਇਹ ਘਟਨਾ ਸੁਣਾਈ ਤੇ ਦੱਸਿਆ, "1947 ਦੀ ਵੰਡ ਉਪਰੰਤ ਇਕ ਵਾਰ ਪਾਕਿਸਤਾਨ ਦੇ ਧਾਰਮਿਕ ਗੁਰਧਾਮਾਂ ਦੇ ਦਰਸ਼ਨਾਂ ਲਈ ਸੰਗਤ ਗਈ। ਅਸੀਂ ਵੀ ਕੀਰਤਨੀ ਜਥੇ ਦੇ ਰੂਪ ਵਿੱਚ ਨਾਲ ਗਏ। ਨਨਕਾਣਾ ਸਾਹਿਬ ਕੀਰਤਨ ਦੀ ਹਾਜ਼ਰੀ ਲਗਵਾਈ। ਕੀਰਤਨ ਉਪਰੰਤ ਮੇਰੇ ਸਮੇਤ ਚੌਦਾਂ-ਪੰਦਰਾਂ ਪ੍ਰੇਮੀਆਂ ਨੇ ਭਾਈ ਸਾਹਿਬ ਨੂੰ ਬੇਨਤੀ

ਕੀਤੀ ਕਿ ਭਾਈ ਸਾਹਿਬ ਤੁਸੀਂ ਨਾਨਕ ਪਾਤਸ਼ਾਹ ਦੇ ਦਰ 'ਤੇ ਲੰਮਾ ਸਮਾਂ ਕੀਰਤਨੀਏ ਵਜੋਂ ਸੇਵਾ ਕੀਤੀ ਹੈ। ਸਾਡੀ ਤਰਫ਼ੋਂ ਅਰਜ਼ੋਈ ਕਰੋ ਕਿ ਸਾਡੇ 'ਤੇ ਵੀ ਗੁਰੂ ਨਾਨਕ ਪਾਤਸ਼ਾਹ ਬਖ਼ਸ਼ਿਸ਼ ਕਰਨ। ਸਾਡੀ ਝੋਲੀ ਵੀ ਪੁੱਤਰਾਂ ਦੀ ਖ਼ੈਰ ਪਵੇ। ਭਾਈ ਸਾਹਿਬ ਨੇ ਗਲ ਵਿੱਚ ਪੱਲਾ ਪਾ ਕੇ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਅਰਦਾਸ ਕੀਤੀ, "ਹੇ ਨਾਨਕ ਪਾਤਸ਼ਾਹ! ਮੈਂ ਤੇਰੇ ਦਰ ਦਾ ਕੀਰਤਨੀਆ ਹਾਂ, ਤੇਰੇ ਦਰਬਾਰ ਦਾ ਕੀਰਤਨੀਆ ਸਮਝ ਇਨ੍ਹਾਂ ਨੇ ਮੈਨੂੰ ਅਰਜ਼ੋਈ ਕਰਨ ਲਈ ਕਿਹਾ ਹੈ, ਇਨ੍ਹਾਂ ਵਿੱਚ ਮੇਰਾ ਸਾਥੀ ਹਰਨਾਮ ਸਿੰਘ ਵੀ ਹੈ। ਜੋ ਜੋ ਇਹ ਮੰਗਦੇ ਹਨ, ਇਨ੍ਹਾਂ ਦੀ ਝੋਲੀ ਖ਼ੈਰ ਪਾ।" ਭਾਈ ਹਰਨਾਮ ਸਿੰਘ ਨੇ ਦੱਸਿਆ ਕਿ ਮੈਂ ਯਕੀਨ ਨਾਲ ਕਹਿੰਦਾ ਹਾਂ ਕਿ ਸਾਰਿਆਂ 'ਤੇ ਉਹੀ ਬਖ਼ਸ਼ਿਸ਼ਾਂ ਹੋਈਆਂ, ਜੋ ਜੋ ਕਿਸੇ ਨੇ ਮੰਗੀਆਂ ਸਨ। ਭਾਈ ਸਾਹਿਬ ਦੇ ਬੋਲਾਂ ਵਿੱਚ ਇਕ ਅਗੰਮੀ ਸ਼ਕਤੀ ਸੀ, ਜਿਸ ਕਰਕੇ ਮੈਂ ਇੰਨਾ ਲੰਮਾ ਸਮਾਂ ਉਨ੍ਹਾਂ ਨਾਲ ਜੁੜਿਆ ਰਿਹਾਂ। ਉਨ੍ਹਾਂ ਨੇ ਹੋਰ ਦੱਸਿਆ ਕਿ ਉਹ ਮੈਨੂੰ ਪਿਤਾ ਸਮਾਨ ਪਿਆਰ ਕਰਦੇ ਸਨ। ਜਦੋਂ ਕਦੇ ਮੈਂ ਤਬਲੇ ਦੀ ਸੰਗਤ ਕਰਨ ਸੰਬੰਧੀ ਅਵੇਸਲਾ ਹੋਣਾ, ਉਨ੍ਹਾਂ ਮੈਨੂੰ ਤਾੜਨਾ ਕਰਨੀ, "ਸ. ਹਰਨਾਮ ਸਿਆਂ ? ਤਿਆਰ ਹੋ, ਕਮਲਾ ਨਾ ਬਣ। ਆਪਾਂ ਕੀਰਤਨ ਕਰ ਆਈਏ। ਕਦੀ ਯਾਦ ਕਰਿਆ ਕਰੇਂਗਾ।" ਫਿਰ ਕਦੀ ਮੈਨੂੰ ਵਡਿਆਉਂਦਿਆਂ ਹੋਇਆਂ ਕਹਿਣਾ, "ਮੇਰੀਆਂ ਬਾਹਵਾਂ ਮੇਰੇ ਸਾਥੀ ਨੇ, ਮੈਂ ਤਾਂ ਉਨ੍ਹਾਂ ਦੇ ਸਿਰ 'ਤੇ ਹੀ ਉਡਿਆ ਫਿਰਦਾ ਹਾਂ।"

ਭਾਈ ਸਾਹਿਬ ਜੀ ਦੀ ਸ਼ਖ਼ਸੀਅਤ ਵਿੱਚ ਇਕ ਮਿਕਨਾਤੀਸੀ ਖਿੱਚ ਸੀ। ਜੋ ਵੀ ਉਨ੍ਹਾਂ ਦੇ ਸੰਪਰਕ ਵਿੱਚ ਆਉਂਦਾ, ਉਨ੍ਹਾਂ ਦਾ ਹੀ ਬਣ ਜਾਂਦਾ। ਸੰਤਾਂ ਤੇ ਸੰਗਤਾਂ ਵੱਲੋਂ ਉਨ੍ਹਾਂ ਨੂੰ ਅਥਾਹ ਪਿਆਰ ਮਿਲਿਆ। ਸ. ਹਰਨਾਮ ਸਿੰਘ ਜੀ ਨੇ ਅਜਿਹੇ ਪਿਆਰ ਸੰਬੰਧੀ ਘਟਨਾ ਦਰਸਾਉਂਦਿਆਂ ਕਿਹਾ, "1947 ਤੋਂ ਪਹਿਲਾਂ ਇਕ ਵਾਰ ਅਸੀਂ ਨਨਕਾਣਾ ਸਾਹਿਬ ਤੋਂ ਜਥੇ ਸਮੇਤ ਸਿੰਧੀ ਸੰਗਤਾਂ ਦੇ ਬੁਲਾਵੇ 'ਤੇ ਕਰਾਚੀ ਗਏ। ਜਦੋਂ ਅਸੀਂ ਸਟੇਸ਼ਨ 'ਤੇ ਪਹੁੰਚੇ ਤਾਂ ਕੀ ਦੇਖਿਆ ਕਿ ਸੰਗਤਾਂ ਦਾ ਅਥਾਹ ਸਮੁੰਦਰ ਇਕ ਜਲੂਸ ਦੀ ਸ਼ਕਲ ਵਿੱਚ ਭਾਈ ਸਾਹਿਬ ਦੇ ਸਤਿਕਾਰ ਲਈ ਸਟੇਸ਼ਨ 'ਤੇ ਪਹੁੰਚਿਆ ਹੋਇਆ ਸੀ। ਸੰਗਤਾਂ ਨੇ ਭਾਈ ਸਾਹਿਬ ਨੂੰ ਗੱਡੀ ਤੋਂ ਉਤਰਦਿਆਂ ਸਾਰ ਘੇਰ ਲਿਆ। ਹਾਰ ਪਾ ਪਾ ਕੇ ਉਨ੍ਹਾਂ ਦਾ ਸੁਆਗਤ ਕੀਤਾ ਤੇ ਫਿਰ ਢੋਲਕੀਆਂ-ਛੈਣਿਆਂ ਨਾਲ ਇਕ-ਸੁਰ ਵਿੱਚ ਗਾਣ ਲੱਗੇ, "ਨਨਕਾਣੇ ਦੇ ਰਾਗੀ ਆਏ ਜੀ", "ਭਾਈ ਸਮੁੰਦ ਸਿੰਘ ਆਏ ਜੀ"। ਇਸ ਲੈਅ-ਮਈ ਧੁਨੀ ਨਾਲ ਸਾਰਾ ਸ਼ਹਿਰ ਗੂੰਜ ਉਠਿਆ। ਇਹ ਤਾਂ ਗੁਰੂ ਨਾਨਕ ਨਾਮ-ਲੇਵਾ ਸਹਿਜਧਾਰੀ ਸਿੱਖ ਸੰਗਤਾਂ ਦਾ ਪ੍ਰਭਾਵ ਸੀ। ਹੋਰ ਵੀ ਅਨੇਕਾਂ ਨੇ ਭਾਈ ਸਾਹਿਬ ਦੇ ਕੀਰਤਨ ਪ੍ਰਭਾਵ ਨੂੰ ਕਬੂਲਿਆ।

ਭਾਈ ਸਾਹਿਬ ਇਸ ਫ਼ਾਨੀ ਸੰਸਾਰ ਨੂੰ ਛੱਡ ਕੇ 5 ਮਈ, 1972 ਦੀ ਸ਼ਾਮ ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਅੱਜ ਭਾਈ ਸਾਹਿਬ ਨੂੰ ਛੱਡ ਕੇ ਗਿਆਂ ਲਗਭਗ ਚਾਲ੍ਹੀ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ, ਪਰ ਉਨ੍ਹਾਂ ਦੀ ਗਾਇਕੀ ਇੰਨੀ ਗਹਿਰ-ਗੰਭੀਰ ਹੋਣ ਦੇ ਬਾਵਜੂਦ ਵੀ ਪ੍ਰਚਲਨ ਵਿੱਚ ਨਹੀਂ ਆ ਰਹੀ। ਅੱਜ ਲੋੜ ਹੈ ਕਿ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਕੀਰਤਨੀਏ ਉਨ੍ਹਾਂ ਦੇ ਵਾਰਸ ਬਣ ਕੇ ਉਨ੍ਹਾਂ ਦੀ ਗਾਇਕੀ ਨੂੰ ਸੰਭਾਲ ਸਕਣ। ਸੋ, ਉਨ੍ਹਾਂ ਦੁਆਰਾ ਅਪਣਾਈ ਪਰੰਪਰਾਵਾਂਦੀ ਕੀਰਤਨ-ਸ਼ੈਲੀ ਸ਼ਬਦ-ਰੀਤਾਂ ਰਾਹੀਂ ਪ੍ਰਕਾਸ਼ਿਤ ਕਰਨ ਨਾਲ ਗੁਰਮਤਿ ਸੰਗੀਤ ਦੇ ਇਸ ਅਨਮੋਲ ਖ਼ਜ਼ਾਨੇ ਦਾ ਪ੍ਰਸਾਰ ਹੋ ਸਕਣ ਦੀਆਂ ਸੰਭਾਵਨਾਵਾਂ ਵੱਧ ਸਕਣਗੀਆਂ।

ਭਾਈ ਸਮੁੰਦ ਸਿੰਘ ਜੀ ਦੀ ਗਾਇਨ ਸ਼ੈਲੀ

ਉੱਤਰੀ ਭਾਰਤ ਵਿੱਚ ਭਗਤੀ ਲਹਿਰ ਅੱਜ ਤੋਂ ਚਾਰ ਹਜ਼ਾਰ ਸਾਲ ਪਹਿਲਾਂ ਵੈਦਿਕ ਕਾਲ ਤੋਂ ਉਪਾਸ਼ਨਾ ਦੇ ਰੂਪ ਵਿੱਚ ਪ੍ਰਵਾਹਿਤ ਹੋਈ। ਦੱਖਣੀ ਭਾਰਤ ਵਿੱਚ ਵੀ ਇਹ ਲਹਿਰ ਸਾਧਨਾ ਦੇ ਰੂਪ ਵਿੱਚ ਵਿਗਸੀ। ਸੰਤਾਂ ਮਹਾਤਮਾਵਾਂ ਨੇ ਆਪਣੇ ਆਪਣੇ ਮੱਤ ਨੂੰ ਪ੍ਰਫੁੱਲਤ ਕਰਨ ਲਈ ਉਸ ਪਰਮਾਤਮਾ ਦੀ ਕੀਰਤੀ ਨੂੰ ਸੰਗੀਤ-ਮਈ ਬੋਲ ਦਿੱਤੇ। ਈਸਾ ਦੀਆਂ ਆਰੰਭਕ ਸਦੀਆਂ ਵਿੱਚ ਉੱਤਰੀ ਤੇ ਦੱਖਣੀ ਭਾਰਤ ਦੀ ਭਗਤੀ ਭਾਵਨਾ ਦੇ ਸੰਗੀਤਮਈ ਸਾਧਨਾ ਦਾ ਸੁਮੇਲ ਹੋ ਗਿਆ। ਨਤੀਜਾ ਇਹ ਹੋਇਆ ਕਿ ਭਗਤੀ ਦਾ ਚਸ਼ਮਾ ਇਕ ਪ੍ਰਬਲ ਧਾਰਾ ਦੇ ਰੂਪ ਵਿੱਚ ਵਹਿ ਤੁਰਿਆ, ਪਰ ਸਮਾਂ ਬੀਤਣ ਨਾਲ ਇਹ ਪਾਕ-ਪਵਿੱਤਰ ਸਾਧਨਾ ਪ੍ਰਵਿਰਤੀ ਤਾਂਤ੍ਰਿਕ-ਕਾਮਕੇਲ ਦਾ ਰੂਪ ਧਾਰਨ ਕਰ ਗਈ। ਅਜਿਹੀ ਦਸ਼ਾ ਨੂੰ ਬਿਆਨ ਕਰਦਿਆਂ ਕਬੀਰ ਜੀ ਨੇ ਅਸਲੀਅਤ 'ਤੇ ਝਾਤ ਪੁਆਈ ਤੇ ਕਿਹਾ, "ਕੀਰਤਨੀਏ ਤੋਂ ਬੀਸ ਕੋਂਸ, ਸੰਨਿਆਸੀ ਤੋਂ ਤੀਸ।" ਗਿਆਨ ਯੋਗ ਤੇ ਕਰਮ ਯੋਗ ਦੇ ਧਾਰਨੀ ਭਗਤ ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਹੈ, ਨੇ ਨਵੇਂ ਤੇ ਸੁਧਰੇ ਹੋਏ ਰੂਪ ਵਿੱਚ ਸੰਗੀਤ-ਬੱਧ ਕੀਤਾ। ਗੁਰੂ ਨਾਨਕ ਸਾਹਿਬ ਦੀ ਆਵੰਦ ਨਾਲ ਨਿਰਬਾਣ ਕੀਰਤਨ-ਪੱਧਤੀ ਨੂੰ ਰਾਗ-ਸਵੱਰ ਤੇ ਕਾਵਿ-ਬਹਿਰ ਵਿੱਚ ਰੂਪਮਾਨ ਕਰ ਕੇ ਅਕਾਲ ਪੁਰਖ ਦੇ ਨਿਰਗੁਣ ਤੇ ਸਰਗੁਣ ਸਰੂਪ ਨੂੰ ਪ੍ਰੇਮਾ-ਭਗਤੀ ਸਹਿਤ ਗਾਇਆ। ਉਨ੍ਹਾਂ ਦੁਆਰਾ ਆਰੰਭ ਕੀਤੀ ਕੀਰਤਨ ਪਰੰਪਰਾ ਦੇ ਵਿਕਾਸ ਲਈ ਗੁਰੂ ਅਰਜਨ ਸਾਹਿਬ ਨੇ ਸਾਰੇ ਗੁਰੂ ਸਾਹਿਬਾਨਾਂ ਦੀ ਬਾਣੀ ਨੂੰ ਰਾਗ-ਰਤਨ ਤੇ ਵਿਧਾਨ ਅੰਦਰ ਅੰਕਿਤ ਕੀਤਾ। ਉਨ੍ਹਾਂ ਦਾ ਸਾਡੇ ਕਲਜੁਗੀ ਜੀਵਾਂ 'ਤੇ ਇਕ ਵੱਡਾ ਉਪਕਾਰ ਸੀ, ਜਿਸ ਨਾਲ ਕਠੋਰ ਤੋਂ ਕਠੋਰ ਮਨ ਵੀ ਅਕਾਲ ਪੁਰਖ ਨਾਲ ਜੁੜ ਸਕੇ। ਗੁਰਬਾਣੀ ਵਿੱਚ ਸਪੱਸ਼ਟ ਕੀਤਾ ਗਿਆ ਹੈ :

ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ॥

(ਰਾਮਕਲੀ ਕੀ ਵਾਰ ਮਹਲਾ ੫, ਪੰਨਾ 958)

ਇਸ ਤਰ੍ਹਾਂ ਇਕ ਹੋਰ ਤੁਕ ਰਾਹੀਂ ਦਰਸਾਇਆ ਹੈ :

ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ॥

(ਸਲੋਕ ਵਾਰਾਂ ਤੇ ਵਧੀਕ, ਮਹਲਾ ੪, ਪੰਨਾ 1423)

ਗੁਰੂ ਅਰਜਨ ਸਾਹਿਬ ਨੇ ਪਰਮਾਤਮਾ ਦੀ ਕੀਰਤੀ ਦਾ ਢੰਗ ਕੀਰਤਨ ਹੀ ਦੱਸਿਆ ਹੈ। ਉਨ੍ਹਾਂ ਨੇ ਕੀਰਤਨ ਨੂੰ ਨਿਰਮੋਲਕ ਹੀਰਾ ਦਾ ਨਾਮ ਦਿੱਤਾ। "ਕਲਜੁਗ ਮਹਿ ਕੀਰਤਨੁ ਪਰਧਾਨਾ" ਮੰਨਿਆ, "ਤਹਾ ਬੈਕੁੰਠੁ ਜਹ ਕੀਰਤਨੁ ਤੇਰਾ" ਦੀ ਸ਼੍ਰੋਮਣੀ ਉੱਚਤਾ ਵੀ ਕੀਰਤਨ ਨੂੰ ਦਿੱਤੀ ਅਤੇ ਮੁਕਤੀ ਦਾ ਸਾਧਨ ਵੀ "ਕਰਿ ਕੀਰਤਨੁ ਹੋਇ ਉਧਾਰੁ" ਦੱਸਿਆ, ਪਰ ਨਾਲ ਇਹ ਵੀ

ਸਪੱਸ਼ਟ ਕੀਤਾ ਕਿ ਕੀਰਤਨ ਉਹੀ ਵਿਅਕਤੀ ਕਰ ਸਕਦਾ ਹੈ, ਜਿਸ 'ਤੇ ਅਕਾਲ ਪੁਰਖ ਦੀ ਰਹਿਮਤ ਹੋਵੇ। ਮਹਾਂਵਾਕ ਹੈ :

ਜਿਸ ਨੋ ਬਖਸਿ ਲੈਹਿ ਮੇਰੇ ਪਿਆਰੇ ਸੋ ਜਸੁ ਤੇਰਾ ਗਾਵੈ॥

(ਸੋਰਠਿ ਮਹਲਾ ੫, ਪੰਨਾ 629)

ਪਰ ਜਿਹੜਾ ਵੀ ਕੀਰਤਨੀਆ ਕੀਰਤਨ ਕਰਨ ਲੱਗ ਜਾਂਦਾ ਹੈ, ਗੁਰੂ ਅਰਜਨ ਸਾਹਿਬ ਨੇ ਉਸ ਦੀ ਵਡਿਆਈ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 885 'ਤੇ ਅੰਕਿਤ ਕੀਤਾ ਹੈ :

ਭਲੋ ਭਲੋ ਰੇ ਕੀਰਤਨੀਆ॥
ਰਾਮ ਰਮਾ ਰਾਮਾ ਗੁਨ ਗਾਉ॥
ਛੋਡਿ ਮਾਇਆ ਕੇ ਧੰਧ ਸੁਆਉ॥ *(ਰਾਮਕਲੀ ਮਹਲਾ ੫, ਪੰਨਾ 885)*

ਵੀਹਵੀਂ ਸਦੀ ਦੇ ਆਰੰਭ ਵਿੱਚ ਗੁਰੂ ਸਾਹਿਬਾਨਾਂ ਦੁਆਰਾ ਆਰੰਭੀ ਕੀਰਤਨ ਪਰੰਪਰਾ ਨੂੰ ਪ੍ਰਚਾਰਨ, ਪ੍ਰਸਾਰਨ ਤੇ ਵਿਸਥਾਰ ਹਿੱਤ ਭਾਈ ਸਮੁੰਦ ਸਿੰਘ ਜੀ ਨੇ ਜਨਮ ਲਿਆ। ਉਨ੍ਹਾਂ ਨੂੰ ਕੀਰਤਨ ਦੀ ਗੁੜ੍ਹਤੀ ਘਰੋਂ ਹੀ ਪ੍ਰਾਪਤ ਹੋਈ। ਉਨ੍ਹਾਂ ਸੱਤ ਸਾਲ ਦੀ ਉਮਰ ਵਿੱਚ ਆਪਣੇ ਜ਼ਿੰਮੇ ਲਾਈ ਸੇਵਾ ਨੂੰ ਆਰੰਭਿਆ। ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ 'ਤੇ ਲਗਾਂਤਾਰ 28 ਸਾਲ ਕੀਰਤਨ ਦੀ ਸੇਵਾ ਕੀਤੀ। ਗੁਰੂ ਨਾਨਕ ਸਾਹਿਬ ਨੇ ਅਜਿਹੀ ਕਲਾ ਵਰਤਾਈ ਕਿ ਗਾਇਕੀ ਦੇ ਪੱਖ ਤੋਂ ਰਬਾਬੀ ਗਵੱਈਏ ਵੀ ਉਨ੍ਹਾਂ ਦੀ ਗਾਇਕੀ ਦਾ ਸਿੱਕਾ ਮੰਨਦੇ ਸਨ। ਉਨ੍ਹਾਂ ਸੀਨੇ ਦੇ ਜ਼ੋਰ ਨਾਲ ਗਾਉਣਾ। ਢਿੱਲੀ ਗਾਇਕੀ ਉਨ੍ਹਾਂ ਨੂੰ ਉੱਕੀ ਪਸੰਦ ਨਹੀਂ ਸੀ, ਤਾਨ ਪਲਟੇ ਤੇ ਲੈਅ ਦੇ ਧਨੀ ਸਨ, ਪਰ ਗਵਾਇਸ਼ ਨੂੰ ਕਦੀ ਹਾਵੀ ਨਹੀਂ ਸੀ ਹੋਣ ਦਿੰਦੇ। ਉਹ ਕਹਿੰਦੇ ਸਨ, "ਗੁਰਬਾਣੀ ਦਾ ਸਥਾਨ ਉੱਚਾ ਹੈ। ਰਾਗ ਗੁਰਬਾਣੀ ਦਾ ਰੱਥ ਹੈ। ਉਸ ਨੂੰ ਜਿੰਨਾ ਸੰਵਾਰੋਗੇ, ਓਨਾ ਹੀ ਰਸ ਵਧੇਗਾ।"

ਉਨ੍ਹਾਂ ਕੋਲ ਪੁਰਾਤਨ ਤੇ ਟਕਸਾਲੀ ਬੰਦਸ਼ਾਂ ਦਾ ਅਤੁੱਟ ਖ਼ਜ਼ਾਨਾ ਸੀ। ਜਿਨ੍ਹਾਂ ਨੂੰ ਗਾਉਣ ਲਈ ਸੁਰੀਲਾ ਕੰਠ, ਗਲੇ ਦੀ ਹਰਕਤ, ਤਾਨ ਦੀ ਸਫ਼ਾਈ, ਬੋਲ ਵੰਡ ਆਦਿ ਉਨ੍ਹਾਂ ਦੀ ਗਾਇਕੀ ਦੇ ਵਿਸ਼ੇਸ਼ ਗੁਣ ਸਨ। ਆਪ ਕੀਰਤਨ ਨੂੰ ਠੁਮਰੀ ਅੰਗ ਵਿੱਚ ਗਾਇਨ ਕਰਨ ਵਿੱਚ ਪ੍ਰਵੀਨ ਸਨ। ਆਪ ਇੱਕੋ ਹੀ ਸ਼ਬਦ ਨੂੰ ਵੱਖ ਵੱਖ ਬਿਖੜੀਆਂ ਰੀਤਾਂ ਤੇ ਤਾਲਾਂ ਵਿੱਚ ਗਾਇਨ ਕਰਨ ਦੇ ਸਮਰੱਥ ਸਨ। ਕੀਰਤਨ ਸ਼ੈਲੀ ਦੇ ਨਾਲ ਨਾਲ ਬਾਣੀ ਦੀ ਸੂਝ, ਸ਼ੁੱਧ ਤੇ ਸਪੱਸ਼ਟ ਉਚਾਰਨ ਤੇ ਬਾਣੀ ਦੀ ਵਿਆਖਿਆ ਸੰਗਤਾਂ ਨੂੰ ਕੀਲ ਲੈਂਦੀ।

ਭਾਈ ਸਮੁੰਦ ਸਿੰਘ ਜੀ ਨੇ ਸੱਤ ਸਾਲ ਦੀ ਉਮਰ ਵਿੱਚ ਪਹਿਲੀ ਵਾਰ ਸਿੱਖ ਵਿਦਿਅਕ ਕਾਨਫ਼ਰੰਸ ਵਿੱਚ ਸ਼ਬਦ ਗਾਇਆ, "ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ" ਤਾਂ ਕਈ ਵਿਦਵਾਨ ਹੈਰਾਨ ਹੋ ਗਏ ਤੇ ਉਨ੍ਹਾਂ ਪੇਸ਼ੀਨਗੋਈ ਕੀਤੀ, "ਕਾਕਾ ਸਮੁੰਦ ਸਿੰਘ ਕਿਸੇ ਦਿਨ ਬਹੁਤ ਵੱਡਾ ਰਾਗੀ ਬਣੇਗਾ।" ਉਹ ਸਾਕਾਰ ਸਿੱਧ ਹੋਈ।

ਭਾਈ ਸਾਹਿਬ ਨੇ ਆਪਣੇ ਸਮੇਂ ਦੌਰਾਨ ਚੀਫ਼ ਖ਼ਾਲਸਾ ਦੀਵਾਨ ਦੀਆਂ ਕਾਨਫ਼ਰੰਸਾਂ, ਧਾਰਮਿਕ ਸਮਾਗਮਾਂ ਤੇ ਕੀਰਤਨ ਦਰਬਾਰਾਂ ਵਿੱਚ ਗਾ ਕੇ ਕਾਫ਼ੀ ਸਨਮਾਨ ਪ੍ਰਾਪਤ ਕੀਤੇ। ਉਹ ਬਾਣੀ ਦੀ ਚੋਣ, ਸਮੇਂ ਅਤੇ ਸਥਾਨ ਮੁਤਾਬਕ ਕਰਦੇ ਸਨ। ਇਹ ਚੋਣ ਹਮੇਸ਼ਾ ਹੀ ਢੁਕਵੀਂ ਹੁੰਦੀ। ਉਨ੍ਹਾਂ ਦੇ ਮਨ ਭਾਉਂਦੇ ਰਾਗ ਸਨ—ਸੋਰਠਿ, ਮੁਲਤਾਨੀ, ਕਾਫੀ, ਭੈਰਵੀ, ਮਾਝ, ਦਰਬਾਰੀ ਤੇ ਆਸਾਵਰੀ।

ਉਹਨਾਂ ਦਾ ਸ਼ਾਹਕਾਰ (Master Piece) ਸ਼ਬਦ "ਭਿੰਨੀ ਰੈਨੜੀਐ ਚਾਮਕਨਿ ਤਾਰੇ" ਸੋਰਠਿ ਰਾਗ ਵਿੱਚ ਸੀ। ਹੋਰ ਮਨਪਸੰਦ ਸ਼ਬਦ, ਜੋ ਉਹ ਬਹੁਤ ਵਾਰ ਗਾਉਂਦੇ ਸਨ, ਰਾਗ ਬਿਹਾਗੜੇ ਵਿੱਚੋਂ "ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ" ਅਤੇ ਰਾਗ ਕਲਿਆਣ ਵਿੱਚੋਂ "ਮੋਹਿ ਕਬਿ ਗਲਿ ਲਾਵਹਿਗੇ"; ਸੋਰਠਿ ਰਾਗ ਵਿੱਚ ਹੀ "ਪ੍ਰਭ ਜੀਉ ਖਸਮਾਨਾ ਕਰਿ ਪਿਆਰੇ"; "ਜੋ ਨਰੁ ਦੁਖ ਮਹਿ ਦੁਖੁ ਨਹੀ ਮਾਨੈ" ਸ਼ਬਦ ਚੌਦਾਂ ਮਾਤਰਾ ਵਿੱਚ ਹਮੀਰ ਵਿੱਚ ਗਾਉਂਦੇ ਸਨ। "ਧੰਨੁ ਸੁ ਦੇਸੁ ਜਹਾ ਤੂ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ" ਸਿੰਧੀ ਭੈਰਵੀ ਰਾਗ ਵਿੱਚ ਗਾਇਆ। "ਕਿਉ ਜੀਵਨੁ ਪ੍ਰੀਤਮ ਬਿਨੁ ਮਾਈ" ਹਮੀਰ ਵਿੱਚ ਸੰਗਤਾਂ ਵਿੱਚ ਬਹੁਤ ਪ੍ਰਚਲਿਤ ਹੋਏ।

ਪ੍ਰਭਾਤ ਵੇਲੇ ਦੇ ਰਾਗਾਂ ਵਿੱਚੋਂ ਉਹਨਾਂ ਨੂੰ ਰਾਮਕਲੀ, ਅਹੀਰ-ਭੈਰਉ ਤੇ ਆਸਾਵਰੀ ਪਸੰਦ ਸਨ, ਇਹਨਾਂ ਰਾਗਾਂ ਵਿੱਚ ਉਨ੍ਹਾਂ ਦੀ ਸ਼ਬਦ ਗਾਇਕੀ ਬਹੁਤ ਸਲਾਹੀ ਜਾਂਦੀ। 'ਨਾਨਕ ਨਾਮ ਜਹਾਜ਼ ਹੈ' ਫ਼ਿਲਮ ਵਿੱਚ ਰਾਗ ਬਹਾਰ ਵਿੱਚ ਗਾਏ ਸ਼ਬਦ "ਕਲਿ ਤਾਰਣਿ ਗੁਰੂ ਨਾਨਕ ਆਇਆ" ਸ਼ਬਦ ਨੇ ਉਨ੍ਹਾਂ ਨੂੰ ਲੱਖਾਂ ਲੋਕਾਂ ਦੇ ਦਿਲਾਂ ਦਾ ਬਾਦਸ਼ਾਹ ਬਣਾ ਦਿੱਤਾ।

ਉਨ੍ਹਾਂ ਦੀ ਗਾਇਕੀ ਦੀ ਕਲਾ ਇਥੋਂ ਤਕ ਹੁਨਰਮਈ ਸੀ ਕਿ ਕਈ ਵਾਰ ਉਹ ਸ਼ਬਦ ਨੂੰ ਗਾਉਂਦੇ ਗਾਉਂਦੇ ਵਿੱਚੋਂ ਹੀ ਰਾਗ ਨੂੰ ਬਦਲ ਦਿੰਦੇ, ਪਰ ਸ਼ਬਦ ਦੀ ਨਿਰੰਤਰਤਾ ਨੂੰ ਭੰਗ ਨਹੀਂ ਸੀ ਹੋਣ ਦਿੰਦੇ। ਕਈ ਵਾਰ ਉਹ ਅੰਮ੍ਰਿਤ ਵੇਲੇ ਤਾਰਿਆਂ ਦੀ ਛਾਵੇਂ ਕਿਸੇ ਸ਼ਬਦ ਨੂੰ ਆਸਾ ਰਾਗ ਵਿੱਚ ਸ਼ੁਰੂ ਕਰਦੇ। ਸ਼ਬਦ ਗਾਉਂਦਿਆਂ ਤੇ ਮਸਤੀ ਵਿੱਚ ਝੂਮਦਿਆਂ ਜਦੋਂ ਉਨ੍ਹਾਂ ਨੂੰ ਪਤਾ ਲੱਗਦਾ ਕਿ ਪਹੁ ਫੁਟਾਲਾ ਹੋ ਗਿਆ ਹੈ ਤਾਂ ਆਸਾ ਰਾਗ ਦੇ ਸੁਰ ਭੈਰਵ ਰਾਗ ਵਿੱਚ ਬਦਲ ਲੈਂਦੇ ਤੇ ਉਹੀ ਭੈਰਵ ਵਕਤ ਬਦਲਣ ਨਾਲ ਭੈਰਵੀ ਰੰਗ ਵਿੱਚ ਆ ਜਾਂਦਾ।

ਉਨ੍ਹਾਂ ਦੀ ਇਕ ਖ਼ੂਬੀ ਇਹ ਵੀ ਸੀ ਕਿ ਉਹ ਸ਼ਬਦ ਆਰੰਭ ਤੋਂ ਪਹਿਲਾਂ ਵਿਲੰਬਤ ਇਕ ਤਾਲ ਵਿੱਚ ਮੰਗਲਾਚਰਨ ਕਰਦੇ, ਜਿਸ ਰਾਹੀਂ ਰਾਗ ਦਾ ਸਰੂਪ ਸੁਤੇ-ਸਿੱਧ ਪ੍ਰਗਟ ਹੋ ਜਾਂਦਾ ਤੇ ਕੀਰਤਨ ਦਾ ਮਾਹੌਲ ਸਿਰਜਿਆ ਜਾਂਦਾ। ਆਪ ਖ਼ਿਆਲ ਗਾਇਕੀ ਤੋਂ ਇਲਾਵਾ ਧਰੁਪਦ-ਧੁਮਾਰ ਵੀ ਬੜੀ ਕੁਸ਼ਲਤਾ ਨਾਲ ਗਾ ਲੈਂਦੇ ਸਨ। ਕੀਰਤਨ ਗਾਇਨ ਕਰਦੇ ਸਮੇਂ ਸਰੀਰ ਦੀ ਅਡੋਲਤਾ ਤੇ ਚਿਹਰੇ ਦੀ ਦਿੱਖ ਵਿੱਚ ਕੋਈ ਬਦਲਾਵ ਨਾ ਲਿਆਉਂਦੇ।

ਉਨ੍ਹਾਂ ਦੀ ਕੀਰਤਨ ਸ਼ੈਲੀ ਦੀ ਵਿਲੱਖਣਤਾ ਇਸ ਪੱਖੋਂ ਵੀ ਮੰਨੀ ਜਾਂਦੀ ਸੀ ਕਿ ਉਹ ਵੱਡੇ ਤਾਲ ਨੌਂ, ਗਿਆਰਾਂ, ਤੇਰਾਂ, ਅਠਾਰਾਂ, ਆੜਾ, ਚੌਤਾਲਾ ਤੇ ਫ਼ਰੋਦਸਤ ਵਿੱਚੋਂ ਵੀ ਬੰਦਸ਼ਾਂ ਦਾ ਗਾਇਨ ਕਰਦੇ ਸਨ।

ਅਜਿਹੀ ਇਕ ਮਿਸਾਲ ਪ੍ਰੋ. ਰਣਜੀਤ ਸਿੰਘ ਬਿਆਨਦੇ ਹਨ ਕਿ 1960 ਦੀ ਘਟਨਾ ਹੈ ਕਿ ਸ. ਨਿਰਮਲ ਸਿੰਘ ਘੜੀਸਾਜ਼ ਦੇ ਘਰ ਕੀਰਤਨ ਸਮਾਗਮ 'ਤੇ ਭਾਈ ਸਾਹਿਬ ਜੀ ਆਏ। ਸੰਗਤਾਂ ਦਾ ਅਥਾਹ ਇਕੱਠ ਸੀ। ਇਸ ਵਿੱਚ ਪਦਮਸ਼੍ਰੀ ਸ. ਸੋਹਣ ਸਿੰਘ ਉਸਤਾਦ ਸਰਦਾਰ ਬਹਾਦਰ ਸਿੰਘ ਆਦਿਕ ਗੁਣੀ ਵਿਅਕਤੀ ਵੀ ਸੰਗਤਾਂ ਵਿੱਚ ਸੁਭਾਇਮਾਨ ਸਨ। ਭਾਈ ਸਾਹਿਬ ਨੇ ਡੰਡਉਤ ਕਰ ਕੇ ਕੀਰਤਨ ਆਰੰਭ ਕੀਤਾ। ਸ਼ਬਦ ਦੀ ਬੰਦਸ਼ ਝੂਮਰ ਤਾਲ ਵਿੱਚ ਸੀ। ਤਬਲੇ 'ਤੇ ਸੰਗਤ ਭਾਈ ਹਰਨਾਮ ਸਿੰਘ ਜੀ ਕਰ ਰਹੇ ਸਨ। ਐਸਾ ਸੁਰੀਲਾ ਵਾਤਾਵਰਣ ਬੱਝਿਆ ਕਿ ਸਰੋਤੇ ਕੀਰਤਨ ਦੇ ਰਸ ਵਿੱਚ ਮਸਤ ਸਨ। ਭਾਈ ਸਾਹਿਬ ਨੇ ਐਸਾ ਬਿਕਟ ਤਾਲ-ਪਲਟਾ ਲਿਆ ਕਿ ਸੰਗਤ ਵਿੱਚ ਸੰਗੀਤ ਉਸਤਾਦ ਚੁਕੰਨੇ ਹੋ ਗਏ। ਲੱਗਦਾ ਸੀ ਭਾਈ ਸਾਹਿਬ ਬੇਤਾਲੇ

ਹੋ ਜਾਣਗੇ ਤੇ ਫਿਰ ਸਮ ਨਹੀਂ ਪਕੜ ਸਕਣਗੇ। ਹੈਰਾਨੀ ਸਭ ਨੂੰ ਉਸ ਵਕਤ ਹੋਈ, ਜਦੋਂ ਪਲਟਾ ਮਾਰਦਿਆਂ ਫੁਰਤੀ ਨਾਲ ਭਾਈ ਸਾਹਿਬ ਨੇ ਝੂੰਮਰੇ ਦੀ ਬੰਦਸ਼ ਦਾ ਸੁਰ ਪਕੜ ਕੇ ਸਭ ਨੂੰ ਚਕ੍ਰਿਤ ਕਰ ਦਿੱਤਾ। ਭਾਈ ਸਾਹਿਬ ਦੇ ਗਲੇ ਵਿੱਚ ਗੀਤ ਤਾਨ ਦਾ ਏਨਾ ਸੁਚੱਜਾ ਵਹਾਓ ਸੀ ਕਿ ਸੁਣ ਕੇ ਵੱਡੇ ਵੱਡੇ ਗਾਇਕ ਆਪ-ਮੁਹਾਰੇ ਬੋਲ ਉਠਦੇ ਸਨ, "ਵਾਹ! ਭਾਈ ਸਮੁੰਦ ਸਿੰਘ! ਆਪ ਪਰ ਤੋ ਸਰਸਵਤੀ ਮਿਹਰਬਾਨ ਹੈ।" ਭਾਈ ਸਾਹਿਬ ਨਿਮਰਤਾ ਸਹਿਤ ਆਖਦੇ ਸਨ ਕਿ ਇਹ ਸਭ 'ਗੁਰੂ ਦੀ ਕ੍ਰਿਪਾ' ਹੈ।

ਇਕ ਵਾਰ ਜਦੋਂ ਪ੍ਰਸਿੱਧ ਲਿਖਾਰੀ ਐੱਸ.ਐੱਸ. ਅਮੋਲ ਨੇ ਭਾਈ ਸਾਹਿਬ ਜੀ ਤੋਂ ਪੁੱਛਿਆ, "ਕੀਰਤਨ ਦੇ ਸਰੋਤੇ ਆਮ ਤੌਰ 'ਤੇ ਆਖਦੇ ਹਨ ਕਿ ਪੱਕੇ ਰਾਗਾਂ ਦੀ ਸਾਨੂੰ ਕੋਈ ਸਮਝ ਨਹੀਂ ਆਉਂਦੀ। ਪਤਾ ਨਹੀਂ, ਤੁਹਾਡਾ ਕੀਰਤਨ ਕਿਵੇਂ ਸੰਗਤਾਂ ਨੂੰ ਖਿੱਚ ਪਾਉਂਦਾ ਹੈ।" ਤਾਂ ਭਾਈ ਸਾਹਿਬ ਨੇ ਉੱਤਰ ਦਿੱਤਾ, "ਅਸਲ ਗੱਲ ਇਹ ਹੈ ਕਿ ਗੁਰੂ ਸਾਹਿਬ ਨੇ ਕੀਰਤਨ ਦੀ ਮਹਾਨਤਾ ਇਸ ਕਰਕੇ ਮਿੱਥੀ ਹੈ ਕਿ ਬਾਣੀ ਦੇ ਨਾਲ ਨਾਲ ਜਦੋਂ ਰਾਗ ਤੇ ਰਾਗੀ ਦੀ ਸਰੋਦੀ ਆਵਾਜ਼ ਰਲ ਜਾਂਦੀ ਹੈ ਤਾਂ ਕਠੋਰ ਤੋਂ ਕਠੋਰ ਮਨ 'ਤੇ ਵੀ ਦੂਣਾ-ਤੀਣਾ ਅਸਰ ਕਰਦੀ ਹੈ।"

ਭਾਈ ਸਾਹਿਬ ਨੇ ਸਾਰੀ ਉਮਰ ਨੇਮ ਨਾਲ ਕੀਰਤਨ ਦੀ ਚੌਂਕੀ ਭਰੀ। ਕੀਰਤਨ ਸਮੇਂ ਉਹ ਇੰਨੇ ਵੈਰਾਗ ਤੇ ਵਜਦ ਵਿੱਚ ਆ ਜਾਂਦੇ ਕਿ ਉਹਨਾਂ ਦੇ ਨੇਤਰਾਂ ਵਿੱਚੋਂ ਜਲਧਾਰਾ ਵਹਿ ਤੁਰਦੀ। ਉਹਨਾਂ ਦੇ ਤਬਲੇ ਦੇ ਸਾਥੀ ਭਾਈ ਹਰਨਾਮ ਸਿੰਘ ਜੀ ਨੇ ਉਹਨਾਂ ਦੇ ਜੀਵਨ ਦੀ ਇਕ ਵਚਿੱਤਰ ਘਟਨਾ ਸੁਣਾਈ ਕਿ ਇਕ ਵਾਰ ਅਸੀਂ ਸ਼੍ਰੀਨਗਰ ਦੇ ਰੇਡੀਓ ਸਟੇਸ਼ਨ 'ਤੇ ਪ੍ਰੋਗਰਾਮ ਲਈ ਗਏ। ਸਾਰੇ ਸਾਜਿੰਦੇ ਆਪਣੇ ਆਪਣੇ ਸਾਜ਼ਾਂ ਨੂੰ ਸੁਰ ਕਰ ਕੇ ਤਿਆਰੀ ਵਿੱਚ ਸਨ ਕਿ ਇਕ ਸਾਜਿੰਦਾ ਵਾਦਕ ਜੋ ਮੁਸਲਮਾਨ ਸੀ, ਨੇ ਆਪਣੀ ਸਾਰੰਗੀ ਦੀਆਂ ਤਰਬਾਂ ਨੂੰ ਵੀ ਲਰਜ਼ਿਤ ਕਰ ਲਿਆ। ਜਦੋਂ ਭਾਈ ਸਾਹਿਬ ਨੇ ਸ਼ਬਦ ਸ਼ੁਰੂ ਕੀਤਾ ਤਾਂ ਐਸਾ ਬਿਖੜਾ ਮੁਖੜਾ ਫੜਿਆ ਕਿ ਸਾਰੰਗੀ ਵਾਦਕ ਦੇ ਹੱਥ ਉਥੇ ਹੀ ਰੁਕ ਗਏ ਤੇ ਉਹ ਸਾਰੰਗੀ ਛੱਡ ਕੇ ਭਾਈ ਸਾਹਿਬ ਦੇ ਚਿਹਰੇ ਵੱਲ ਟਿਕਟਿਕੀ ਲਗਾ ਕੇ ਵੇਖੀ ਗਿਆ। ਉਹ ਸਾਰੰਗੀ ਵਜਾਉਣਾ ਹੀ ਭੁੱਲ ਗਿਆ। ਉਹ ਆਪਣੀ ਸੁੱਧ-ਬੁੱਧ ਹੀ ਭੁਲਾ ਬੈਠਾ। ਉਹ ਸਾਰੰਗੀ ਵਾਦਕ ਨਾਲੇ ਭਾਈ ਸਾਹਿਬ ਦਾ ਚਿਹਰਾ ਵੇਖੀ ਜਾਵੇ ਤੇ ਨਾਲੇ ਤ੍ਰਿਪ ਤ੍ਰਿਪ ਹੰਝੂ ਕੇਰੀ ਜਾਵੇ। ਜਦੋਂ ਸ਼ਬਦ ਖ਼ਤਮ ਹੋਇਆ ਤਾਂ ਰੇਡੀਓ ਸਟੇਸ਼ਨ ਦੇ ਡਾਇਰੈਕਟਰ ਨੇ ਉਸ ਨੂੰ ਸਾਰੰਗੀ ਨਾਲ ਭਾਈ ਸਾਹਿਬ ਦਾ ਸਾਥ ਨਾ ਨਿਬਾਹੁਣ ਕਰ ਕੇ ਪੁੱਛਗਿੱਛ ਲਈ ਬੁਲਾ ਲਿਆ। ਸਾਰੇ ਇਕੱਠੇ ਹੋਏ ਕਲਾਕਾਰਾਂ ਨੇ ਜਦੋਂ ਉਸ ਨੂੰ ਇਸ ਦਾ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ, "ਮੈਂ ਤਾਂ ਅੱਜ ਅੱਲ੍ਹਾ ਦਾ ਨੂਰ ਹੀ ਤੱਕਦਾ ਰਿਹਾ, ਇਸ ਲਈ ਮੈਨੂੰ ਸਾਰੰਗੀ ਵਜਾਉਣੀ ਹੀ ਭੁੱਲ ਗਈ। ਇਸ ਵਿੱਚ ਮੇਰਾ ਕੋਈ ਕਸੂਰ ਨਹੀਂ।"

ਬਲਵੰਤ ਗਾਰਗੀ ਨੇ ਵੀ ਆਪਣੀ ਇਕ ਯਾਦ ਜੋ 1945 ਵਿਚਲੀ ਹੈ, ਬਾਰੇ ਲਿਖਿਆ ਹੈ ਕਿ ਇਕ ਦਿਨ ਮੈਂ ਰੇਡੀਓ ਸਟੇਸ਼ਨ ਲਾਹੌਰ ਦੇ ਸਟੂਡੀਓ ਵਿੱਚੋਂ ਦੀ ਲੰਘਿਆ ਤਾਂ ਇਕ ਬੇਹੱਦ ਮੰਝੀ ਹੋਈ ਸੁਰੀਲੀ ਆਵਾਜ਼ ਸੁਣਾਈ ਦਿੱਤੀ। ਇਸ ਵਿੱਚ ਮਿੱਠੇ ਖ਼ਰਜ ਦੇ ਸੁਰ ਗੂੰਜ ਰਹੇ ਸਨ। ਮੈਂ ਪੁੱਛਿਆ, "ਸਹਿਗਲ ਦਾ ਇਹ ਕਿਹੜਾ ਨਵਾਂ ਗੀਤ ਹੈ ?" ਕਿਸੇ ਨੇ ਮੈਨੂੰ ਦੱਸਿਆ ਕਿ ਇਹ ਭਾਈ ਸਮੁੰਦ ਸਿੰਘ ਰਾਗੀ ਗਾ ਰਿਹਾ ਹੈ। ਮੈਂ ਹੈਰਾਨ ਰਹਿ ਗਿਆ। ਇਹੋ ਜਿਹੀ ਆਵਾਜ਼ ਸਹਿਗਲ ਦੇ ਸਿਵਾਏ ਹੋਰ ਕਿਸੇ ਦੀ ਨਹੀਂ ਹੋ ਸਕਦੀ। ਮੈਂ ਕਮਰੇ ਅੰਦਰ ਦਾਖ਼ਲ ਹੋਇਆ ਤਾਂ ਦੇਖਿਆ ਕਿ ਚਿੱਟੀ ਦਸਤਾਰ ਬੰਨ੍ਹੀ ਤੇ ਬਾਦਾਮੀ ਵਾਸਕਟ ਪਾਈ ਚੌਕੜੇ ਵਿੱਚ ਬੈਠਾ ਕੋਈ ਗੁਰੂ

ਕਾ ਸਿੱਖ ਗਾ ਰਿਹਾ ਸੀ। ਖੁੱਲ੍ਹੀ ਕਾਲੀ ਸਿਆਹ ਦਾੜ੍ਹੀ ਤੇ ਚਮਕੀਲੀਆਂ ਜਿਸਤ ਅੱਖਾਂ, ਇਹ ਭਾਈ ਸਮੁੰਦ ਸਿੰਘ ਰਾਗੀ ਸੀ।

ਇਸ ਵੀਹਵੀਂ ਸਦੀ ਦੇ ਮਹਾਨ ਕੀਰਤਨੀਏ ਭਾਈ ਸਮੁੰਦ ਸਿੰਘ ਜੀ ਦੀ ਕੀਰਤਨ ਸ਼ੈਲੀ ਅੱਜ ਦੇ ਰਾਗੀਆਂ, ਵਿਚਾਰਵਾਨ੍ਹਾਂ ਤੇ ਰਾਗ ਰਤਨ ਦੇ ਖੋਜੀਆਂ ਲਈ ਇਕ ਚਾਨਣ ਮੁਨਾਰਾ ਹੈ। ਉਹ ਉਹਨਾਂ ਦੀ ਗਾਇਨ ਸ਼ੈਲੀ ਤੋਂ ਸੇਧ ਲੈ ਕੇ ਗੁਰੂਆਂ ਦੁਆਰਾ ਆਰੰਭਿਕ ਪਰੰਪਰਾ ਨੂੰ ਕਾਇਮ ਰੱਖਣ ਲਈ ਯੋਗਦਾਨ ਪਾ ਸਕਦੇ ਹਨ।

ਰਾਗ ਆਸਾ ਮਿਸ਼ਰਤ ਤਾਲ ਦਾਦਰਾ

ਧਨਾਸਰੀ ਮਹਲਾ ੫ ਘਰੁ ੭

ੴ ਸਤਿਗੁਰ ਪ੍ਰਸਾਦਿ ॥

ਹਰਿ ਏਕੁ ਸਿਮਰਿ ਏਕੁ ਸਿਮਰਿ ਏਕੁ ਸਿਮਰਿ ਪਿਆਰੇ ॥ ਕਲਿ ਕਲੇਸ ਲੋਭ ਮੋਹ ਮਹਾ ਭਉਜਲੁ ਤਾਰੇ ॥ਰਹਾਉ॥ ਸਾਸਿ ਸਾਸਿ ਨਿਮਖ ਨਿਮਖ ਦਿਨਸੁ ਰੈਨਿ ਚਿਤਾਰੇ ॥ ਸਾਧਸੰਗ ਜਪਿ ਨਿਸੰਗ ਮਨਿ ਨਿਧਾਨੁ ਧਾਰੇ ॥੧॥ ਚਰਨ ਕਮਲ ਨਮਸਕਾਰ ਗੁਨ ਗੋਬਿਦ ਬੀਚਾਰੇ ॥ ਸਾਧ ਜਨਾ ਕੀ ਰੇਨ ਨਾਨਕ ਮੰਗਲ ਸੂਖ ਸਧਾਰੇ ॥੨॥੧॥੩੧॥

(ਪੰਨਾ 679)

ਸਥਾਈ

										ਪ	ਧ
										ਹ	ਰਿ
ਸੰ	ਸੰ	ਸੰ	ਸੰ	ਸੰ	ਸੰ	ਨ	ਨ	ਧ	ਪ	ਮ	ਗ
ਏ	–	ਕੁ	ਸਿ	ਮ	ਰਿ	ਏ	–	ਕੁ	ਸਿ	ਮ	ਰਿ
ਪ	ਪ	ਪ	ਧਨ	ਪ	ਧ	ਸੰ	ਸੰ	ਸੰ	ਸੰ	ਸੰ	ਸੰ
ਏ	–	ਕੁ	ਸਿ–	ਮ	ਰਿ	ਪਿ	ਆ	–	ਰੇ	–	–
ਮ	ਮ	ਮ	ਮ	ਮ	ਗ	ਪ	ਪ	ਪ	ਪ	ਪ	ਧ
ਕ	ਲਿ	ਕ	ਲੇ	–	ਸ	ਲੋ	–	ਭ	ਮੋ	–	ਹ
ਨ	ਨ	ਧ	ਪ	ਮ	ਗ	ਮ	ਧ	ਧ	ਪ	ਪ	ਪ
ਮ੍ਹ	ਹਾ	–	ਭਉ	ਜ	ਲੁ	ਤਾ	–	–	ਰੇ	–	–
x			0			x			0		

ਅੰਤਰਾ

ਗੰ	ਗੰ	ਗੰ	ਗੰ	ਗੰ	ਰੰ	ਗੰ	ਗੰ	ਰੰ	ਸੰ	ਨ	ਧ
ਸਾ	–	ਸਿ	ਸਾ	–	ਸਿ	ਨਿ	ਮ	ਖ	ਨਿ	ਮ	ਖ
ਸੰ	ਸੰ	ਸੰ	ਰੰ	ਗੰ	ਸੰ	ਰੰ	ਰੰ	ਰੰ	ਸੰ	ਸੰ	ਸੰ
ਦਿ	ਨ	ਸੁ	ਰੈ	ਨਿ	ਚਿ	ਤਾ	ਰੇ	–	–	–	–
ਸੰ	ਸੰ	ਸੰ	ਸੰ	ਸੰ	ਸੰ	ਨ	ਨ	ਧ	ਪ	ਮ	ਗ
ਸਾ	–	ਧ	ਸੰ	–	ਗ	ਜ	ਪਿ	ਨਿ	ਸੰ	–	ਗ
ਪ	ਪ	ਪ	ਧਨ	ਪ	ਧ	ਸੰ	ਸੰ	ਸੰ	ਸੰ	ਸੰ	ਸੰ
ਮ	ਨਿ	ਨਿ	ਧਾ–	–	ਨੁ	ਧਾ	–	–	ਰੇ	–	–
x			0			x			0		

ਰਾਗੁ ਆਸਾ ਦਾਦਰਾ ਤਾਲ

ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ ॥ ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ ॥ ਹਰਿ ਜੀਉ ਲੇਖੈ ਵਾਰ ਨ ਆਵਈ ਤੂੰ ਬਖਸਿ ਮਿਲਾਵਣਹਾਰੁ ॥ ਗੁਰ ਤੁਠੈ ਹਰਿ ਪ੍ਰਭੁ ਮੇਲਿਆ ਸਭ ਕਿਲਵਿਖ ਕਟਿ ਵਿਕਾਰ ॥ ਜਿਨਾ ਹਰਿ ਹਰਿ ਨਾਮੁ ਧਿਆਇਆ ਜਨ ਨਾਨਕ ਤਿਨ੍ ਜੈਕਾਰੁ ॥੨੯॥

(ਪੰਨਾ 1416)

ਸਥਾਈ + ਅੰਤਰਾ

ਸ

ਅਸੀ

ਮ	ਮ	ਮ	ਮ	ਮ	ਗ	ਪ	-	ਪ	ਧ	ਨ	ਨ	ਸੰ	ਸੰ	ਸੰ	ਨ	ਧ	ਧ
ਖ	ਤੇ	-	ਬਹੁ	ਤੁ	ਕ	ਮਾ	-	ਵ	ਦੇ	-	-	ਅੰ	ਤੁ	ਨ	ਪਾ	ਰਾ	-
ਸੰ	ਸੰ	ਸੰ	ਸੰ	ਸੰ	ਸੰ	ਸੰ	ਸੰ	ਰੰ	ਨੁ	ਧ	ਪ	ਪਧ	ਪ	ਮ	ਪ	ਧ	ਧ
ਵਾ	-	-	ਰੁ	-	-	ਹਰਿ	ਕਿਰ	ਪਾ	ਕ	ਰਿ	ਕੈ	ਬ-	ਖ	ਸਿ	ਲੈ	ਹੁ	-
ਪਧ	ਪ	ਮ	ਗ	ਰ	ਸ	ਰ	ਗ	ਰ	ਸ	-	ਸ						
ਹਉ	ਪਾ	ਪੀ	ਵਡ	ਗੁ	ਨਹ	ਗਾ	-	-	ਰੁ	-	-						
x			0			x			0			x			0		

ਰਾਗੁ ਆਸਾ ਦਾਦਰਾ ਤਾਲ

ਸੂਹੀ ਮਹਲਾ ੪ ਘਰੁ ੫

ੴ ਸਤਿਗੁਰ ਪ੍ਰਸਾਦਿ ॥

ਗੁਰੁ ਸੁੰਦਰੁ ਮੋਹਨੁ ਪਾਇ ਕਰੇ ਹਰਿ ਪ੍ਰੇਮ ਬਾਣੀ ਮਨੁ ਮਾਰਿਆ ॥
ਮੇਰੈ ਹਿਰਦੈ ਸੁਧਿ ਬੁਧਿ ਵਿਸਰਿ ਗਈ ਮਨ ਆਸਾ ਚਿੰਤ ਵਿਸਾਰਿਆ ॥
ਮੈ ਅੰਤਰਿ ਵੇਦਨ ਪ੍ਰੇਮ ਕੀ ਗੁਰ ਦੇਖਤ ਮਨੁ ਸਾਧਾਰਿਆ ॥
ਵਡਭਾਗੀ ਪ੍ਰਭ ਆਇ ਮਿਲੁ ਜਨੁ ਨਾਨਕੁ ਖਿਨੁ ਖਿਨੁ ਵਾਰਿਆ ॥੪॥੧॥੫॥

(ਪੰਨਾ 776)

ਸਥਾਈ

ਸ	ਰ	ਗ	ਰ	ਸ	ਸ	ਰ	ਮ	ਮ	ਪ	ਧ	ਧ
ਗੁਰੁ	ਸੁੰ	ਦਰੁ	ਮੋ	ਹ	ਨੁ	ਪਾ	ਇ	ਕ	ਰੇ	–	ਹਰਿ
ਪ	ਧ	ਪ	ਮ	ਗ	ਰ	ਸ	ਰ	ਗ	ਰ	ਸ	ਸ
ਪ੍ਰੇ	ਮ	ਬਾ	ਣੀ	ਮ	ਨੁ	ਮਾ	–	ਰਿ	ਆ	–	–
X			0			X			0		

ਅੰਤਰਾ

ਗ	ਗ	ਗ	ਪ	ਪ	ਧ	ਸਂ	ਸਂ	ਸਂ	ਸਂ	ਸਂ	ਸਂ
ਮੇਰੈ	ਹਿਰ	ਦੈ	ਸੁਧਿ	ਬੁ	ਧਿ	ਵਿਸ	ਰਿ	ਗ	ਈ	–	ਮਨ
ਨ	ਨ	ਨ	ਧ	ਪ	ਪ	ਪ	ਧ	ਨ	ਧ	ਪ	ਪ
ਆ	ਸਾ	–	ਚਿੰ	ਤ	ਵਿ	ਸਾ	–	ਰਿ	ਆ	–	–
ਸਂ	ਸਂ	ਰਂ	ਨੁ	ਧ	ਪ	ਪਧ	ਪ	ਮ	ਪ	ਧ	ਧ
ਮੇਰੈ	ਹਿਰ	ਦੈ	ਸੁਧਿ	ਬੁ	ਧਿ	ਵਿਸ	ਰਿ	ਗ	ਈ	–	ਮਨ
ਪ	ਧ	ਪ	ਮ	ਗ	ਰ	ਸ	ਰ	ਗ	ਰ	ਸ	ਸ
ਆ	ਸਾ	–	ਚਿੰ	ਤ	ਵਿ	ਸਾ	–	ਰਿ	ਆ	–	–
X			0			X			0		

ਰਾਗੁ ਆਸਾ ਛੋਟਾ ਤਿੰਨ ਤਾਲ

ਸਲੋਕੁ ॥
ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥
ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ ॥੧॥

(ਪੰਨਾ 261)

ਸਥਾਈ

						ਸ	ਸ	ਸ	ਰ	ਰ	ਗ	ਗ	ਰ	ਰ	ਸ
						ਖਿ	ਨੁ	ਖਿ	ਨੁ	–	ਭੂ	–	ਲ	–	ਨ
ਰ	ਰ	ਰ	ਰ	ਸ	ਸ	ਸ	ਸ	ਧ	ਧ	ਧ	ਧ	ਪ	ਧ	ਪ	ਮ
ਹਾ	–	ਰ	–	–	–	–	–	ਲੇ	–	ਖੈ	–	ਕ	ਤ	ਹਿ	ਨ
ਪ	ਮ	ਗ	ਗ	ਗ	ਗ	ਗ	ਗ								
ਛੂ	ਟੀ	ਐ	–	–	–	–	–								
X				2				0				3			

ਅੰਤਰਾ

								ਗ	ਗ	ਗ	ਗ	ਪ	ਪ	ਧ	ਧ
								ਬ	ਖ	ਸ	ਨ	ਹਾ	–	ਰ	–
ਸੰ	ਸੰ	ਸੰ	ਸੰ	ਸੰ	ਸੰ	ਸੰ	ਸੰ	ਸੰ	ਸੰ	ਸੰ	ਸੰ	ਨ	ਨ	ਧ	ਨ
ਬ	ਖ	–	ਸਿ	ਲੈ	–	–	–	ਨਾ	–	ਨ	ਕ	ਪਾ	–	ਰਿ	ਉ
ਧ	ਧ	ਧ	ਧ	ਪ	ਪ	ਪ	ਪ	ਸੰ	ਸੰ	ਸੰ	ਰੰ	ਨੁ	ਨੁ	ਧ	ਪ
ਤਾ	–	–	–	ਰ	–	–	–	ਬ	ਖ	ਸ	ਨ	ਹਾ	–	ਰ	–
ਪ	ਧ	ਪ	ਮ	ਪ	ਪ	ਧ	ਧ	ਪ	ਪ	ਧ	ਪ	ਮ	ਗ	ਰ	ਸ
ਬ	ਖ	–	ਸਿ	ਲੈ	–	–	–	ਨਾ	–	ਨ	ਕ	ਪਾ	–	ਰਿ	ਉ
ਰ	ਰ	ਰ	ਰ	ਸ	ਸ	ਸ	ਸ								
ਤਾ	–	–	–	ਰ	–	–	–								
X				2				0				3			

ਪੰਜਾਬੀ ਠੇਕਾ ਛੋਟਾ ਤਿੰਨ ਤਾਲ

1	2	3	4	5	6	7	8	9	10	11	12	13	14	15	16
ਧਾ	–ਧਿੰ	–	ਧ	ਧਾ	–ਧਿ	–	ਧਾ	ਧਾ	–ਤਿੰ	–	ਤਾ	ਤਾ	–ਧਿੰ	–	ਧ
X				2				0				3			

ਰਾਗੁ ਆਸਾ ਕਹਿਰਵਾ ਤਾਲ

ਜੈਜਾਵੰਤੀ ਮਹਲਾ ੯ ॥

ਬੀਤ ਜੈਹੈ ਬੀਤ ਜੈਹੈ ਜਨਮੁ ਅਕਾਜੁ ਰੇ ॥ ਨਿਸਿ ਦਿਨੁ ਸੁਨਿ ਕੈ ਪੁਰਾਨ ਸਮਝਤ ਨਹ ਰੇ ਅਜਾਨ ॥ ਕਾਲੁ ਤਉ ਪਹੂਚਿਓ ਆਨਿ ਕਹਾ ਜੈਹੈ ਭਾਜਿ ਰੇ ॥੧॥ਰਹਾਉ॥ ਅਸਥਿਰੁ ਜੋ ਮਾਨਿਓ ਦੇਹ ਸੋ ਤਉ ਤੇਰਉ ਹੋਇ ਹੈ ਖੇਹ ॥ ਕਿਉ ਨ ਹਰਿ ਕੋ ਨਾਮੁ ਲੇਹਿ ਮੂਰਖ ਨਿਲਾਜ ਰੇ ॥੧॥ ਰਾਮ ਭਗਤਿ ਹੀਏ ਆਨਿ ਛਾਡਿ ਦੇ ਤੈ ਮਨ ਕੋ ਮਾਨੁ ॥ ਨਾਨਕ ਜਨ ਇਹ ਬਖਾਨਿ ਜਗ ਮਹਿ ਬਿਰਾਜੁ ਰੇ ॥੨॥੪॥

(ਪੰਨੇ 1352-53)

ਸਥਾਈ

												ਪ	ਧ	ਪ	ਮ
												ਕਿਉ	ਨ	ਹਰਿ	ਕੋ
ਗ	ਗ	ਸ	ਸ	ਰ	ਗ	ਰ	ਰ	ਸ	ਰ਼	ਸ	ਸ	ਮ	ਮ	ਗ	ਮ
ਨਾ	–	–	ਮੁ	ਲੇ	ਹਿ	–	–	–	–	–	–	ਮੂ	ਰ	ਖ	ਨਿ
ਪ	ਪ	ਪ	ਧ	ਸੰ	ਨ	ਧ	ਪ	ਪ	ਧ	ਪ	ਪ				
ਲਾ	–	–	ਜ	ਰੇ	–	–	–	–	–	–	–				
x				0				x				0			

ਅੰਤਰਾ

												ਗ	ਗ	ਪ	ਧ
												ਬੀ	ਤ	ਜੈ	ਹੈ
ਸੰ	ਸੰ	ਸੰ	ਸੰ	ਸੰ	ਸੰ	ਸੰ	ਸੰ	ਸੰ	ਸੰ	ਸੰ	ਸੰ	ਪ	ਧ	ਸੰ	ਸੰ
ਬੀ	–	ਤ	–	ਜੈ	–	ਹੈ	–	–	–	–	–	ਜ	ਨ	ਮੁ	ਅ
ਸੰ	ਰੰ	ਰੰ	ਰੰ	ਗੰ	ਰੰ	ਸੰ	ਨ	ਧ	ਧ	ਪ	ਪ				
ਕਾ	–	–	ਜੁ	ਰੇ	–	–	–	–	–	–	–				
x				0				x				0			

ਰਾਗੁ ਆਸਾ ਮਿਸ਼ਰਤ ਦੀਪਚੰਦੀ ਤਾਲ

ਆਸਾ ਮਹਲਾ ੧ ॥

ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ ਅਉਖਾ ਸਾਚਾ ਨਾਉ ॥ ਸਾਚੇ ਨਾਮ ਕੀ ਲਾਗੈ ਭੂਖ ॥ ਤਿਤੁ ਭੂਖੈ ਖਾਇ ਚਲੀਅਹਿ ਦੂਖ ॥੧॥ ਸੋ ਕਿਉ ਵਿਸਰੈ ਮੇਰੀ ਮਾਇ ॥ ਸਾਚਾ ਸਾਹਿਬੁ ਸਾਚੈ ਨਾਇ ॥੧॥ਰਹਾਉ॥ ਸਾਚੇ ਨਾਮ ਕੀ ਤਿਲੁ ਵਡਿਆਈ ॥ ਆਖਿ ਥਕੇ ਕੀਮਤਿ ਨਹੀ ਪਾਈ ॥ ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜ਼ਾਇ ॥੨॥ ਨਾ ਓਹੁ ਮਰੈ ਨ ਹੋਵੈ ਸੋਗੁ ॥ ਦੇਂਦਾ ਰਹੈ ਨ ਚੂਕੈ ਭੋਗੁ ॥ ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥ ਜੇਵਡੁ ਆਪਿ ਤੇਵਡ ਤੇਰੀ ਦਾਤਿ ॥ ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥ ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥੪॥੨॥

(ਪੰਨਾ 349)

ਸਥਾਈ

			ਮ	–	ਗ	ਗ	ਪ	ਪ	–	ਧ	ਨ	ਧ	ਧ
			ਸੋ	–	ਕਿ	ਉ	ਵਿ	ਸ	–	ਰੈ	–	–	–
ਧ	–	–	ਸਂ	–	ਸਂ	–	ਸਂ	–	–	ਨ	–	ਧ	–
–	–	–	ਮੇ	–	ਰੀ	–	ਮਾ	–	–	–	–	–	–
ਪ	ਮ	–	ਧ	ਧ	ਧ	ਧ	ਧ	–	–	ਨੁ	ਧ	ਨੁ	ਧ਼
ਇ	–	–	ਸਾ	–	ਚਾ	–	ਸਾ	–	–	ਹਿ	–	ਬੁ	–
ਪ	–	–	ਸਂ	–	ਧਪ	ਮ	ਮਧ	ਪ	–	ਗ	–	ਰ	ਰ
–	–	–	ਸਾ	–	ਚੈ	–	ਨਾ–	–	–	–	–	–	–
ਸ	–	–											
ਇ	–	–											
X			2				0			3			

ਅੰਤਰਾ

			ਸਂ	ਸਂ	ਸਂ	ਸਂ	ਸਂ	ਸਂ	ਸਂ	ਸਂ	ਸਂ	ਸਂ	ਸਂ
			ਆ	–	ਖਾ	–	ਜੀ	–	–	ਵਾ	–	–	–
ਸਂ	–	–	ਸਂ	ਸਂ	ਸਂ	ਨ	ਨਸਂ	ਰਂ	–	ਸਂ	ਨ	ਧ	–
–	–	–	ਵਿਸ	ਰੈ	ਮ	ਰਿ	ਜਾ	–	–	ਉ	–	–	–
–	–	–	ਧ	ਧ	ਧ	ਧ	ਧ	ਧ	ਧ	ਨੁ	ਧ	ਨੁ	ਧ
–	–	–	ਆ	–	ਖ	ਣਿ	ਅ	ਉ	–	ਖਾ	–	–	–
ਪ	–	–	ਸਂ	–	ਧਪ	ਮਂ	ਮਧ	ਪ	–	ਗ	–	ਰ	ਰ
–	–	–	ਸਾ	–	ਚਾ–	–	ਨਾ–	–	–	–	–	–	–
ਸ	–	–											
ਉ	–	–											
X			2				0			3			

ਰਾਗੁ ਆਸਾ ਤਿੰਨ ਤਾਲ

ਧਨਾਸਰੀ ਮਹਲਾ ੪ ॥

ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ ॥ ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ ॥੧॥ ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥ ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ ॥ਰਹਾਉ॥ ਜਹ ਹਰਿ ਸਿਮਰਨੁ ਭਇਆ ਤਹ ਉਪਾਧਿ ਗਤੁ ਕੀਨੀ ਵਡਭਾਗੀ ਹਰਿ ਜਪਨਾ ॥ ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ ਜਪਿ ਹਰਿ ਭਵਜਲੁ ਤਰਨਾ ॥੨॥੬॥੧੨॥

(ਪੰਨੇ 669-70)

ਸਥਾਈ

						ਸ	ਸ	ਰ	ਰ	ਮ	ਮ	ਪ	ਪ	ਧ	ਧ
						ਇ	ਛਾ	ਪੂ	ਰ	ਕੁ	ਸ	ਰ	ਬ	ਸੁ	ਖ
ਸੰ	ਸੰ	ਸੰ	ਸੰ	ਸੰ	ਸੰ	ਸੰ	ਸੰ	ਸੰ	ਸੰ	ਸੰ	ਰੰ	ਸੰ	ਨ	ਧ	ਪ
ਦਾ	–	ਤਾ	–	–	–	ਹ	ਰਿ	ਜਾ	–	ਕੈ	–	ਵ	ਸਿ	ਹੈ	–
ਪ	ਪ	ਧ	ਪ	ਮ	ਗ										
ਕਾ	–	–	ਮ	ਧੇ	ਨਾ										
X				2				0				3			

ਅੰਤਰਾ

								ਪ	ਪ	ਪ	ਧ	ਸੰ	ਸੰ	ਸੰ	ਸੰ
								ਇ	–	ਛਾ	–	ਪੂ	–	ਰ	ਕੁ
ਸੰ	ਸੰ	ਗੰ	ਰੰ	ਸੰ	ਨ	ਧ	ਪ	ਸੰ	ਸੰ	ਸੰ	ਰੰ	ਸੰ	ਨ	ਧ	ਪ
ਸ	ਰਬ	ਸੁ	ਖ	ਦਾ	–	ਤਾ	–	ਹ	ਰਿ	ਜਾ	ਕੈ	ਵ	ਸਿ	ਹੈ	–
ਪ	ਪ	ਮ	ਗ	ਮ	ਮ	ਪ	ਪ	ਧ	ਧ	ਧ	ਧ	ਪ	ਧ	ਪ	ਪ
ਕਾ	–	–	ਮ	ਧੇ	–	ਨਾ	–	ਸੋ	–	ਐ	–	ਸਾ	–	ਹ	ਰਿ
ਗ	ਗ	ਰ	ਸ	ਰ	ਰ	ਸ	ਸ	ਸ	ਸ	ਸ	ਰ	ਮ	ਪ	ਧ	ਪ
ਧਿਆ	ਈਐ	ਮੇ	ਰੇ	ਜੀ	ਅ	ੜੇ	–	ਤਾ	–	–	ਸ	ਰ	ਬ	ਸੁ	–
ਧ	–	–	–	–	–	ਪ	ਧ	ਪ	ਪ	ਪ	ਗ	ਗ	ਰ	ਰ	ਸ
ਖ	–	–	–	–	–	ਪਾ	–	ਵ	ਹਿ	–	ਮੇ	–	ਰੇ	–	ਮ
ਰ	–	–	–	ਸ	–										
ਨਾ	–	–	–	–	–										
X				2				0				3			

ਰਾਗੁ ਆਸਾ ਮਿਸ਼ਰਤ ਕਹਿਰਵਾ ਤਾਲ

ਕਲਿਆਨ ਮਹਲਾ ੪ ॥

ਪ੍ਰਭ ਕੀਜੈ ਕ੍ਰਿਪਾ ਨਿਧਾਨ ਹਮ ਹਰਿ ਗੁਨ ਗਾਵਹਗੇ ॥ ਹਉ ਤੁਮਰੀ ਕਰਉ ਨਿਤ ਆਸ ਪ੍ਰਭ ਮੋਹਿ ਕਬ ਗਲਿ ਲਾਵਹਿਗੇ ॥੧॥ਰਹਾਉ॥ ਹਮ ਬਾਰਿਕ ਮੁਗਧ ਇਆਨ ਪਿਤਾ ਸਮਝਾਵਹਿਗੇ ॥ ਸੁਤੁ ਖਿਨੁ ਖਿਨੁ ਭੂਲਿ ਬਿਗਾਰਿ ਜਗਤ ਪਿਤ ਭਾਵਹਿਗੇ ॥੧॥ ਜੋ ਹਰਿ ਸੁਆਮੀ ਤੁਮ ਦੇਹੁ ਸੋਈ ਹਮ ਪਾਵਹਗੇ ॥ ਮੋਹਿ ਦੂਜੀ ਨਾਹੀ ਠਉਰ ਜਿਸੁ ਪਹਿ ਹਮ ਜਾਵਹਗੇ ॥੨॥ ਜੋ ਹਰਿ ਭਾਵਹਿ ਭਗਤ ਤਿਨਾ ਹਰਿ ਭਾਵਹਿਗੇ ॥ ਜੋਤੀ ਜੋਤਿ ਮਿਲਾਇ ਜੋਤਿ ਰਲਿ ਜਾਵਹਗੇ ॥੩॥ ਹਰਿ ਆਪੇ ਹੋਇ ਕ੍ਰਿਪਾਲੁ ਆਪਿ ਲਿਵ ਲਾਵਹਿਗੇ ॥ ਜਨੁ ਨਾਨਕੁ ਸਰਨਿ ਦੁਆਰਿ ਹਰਿ ਲਾਜ ਰਖਾਵਹਿਗੇ ॥੪॥੬॥

(ਪੰਨਾ 1321)

ਸਥਾਈ

														ਸ	ਸ
														ਹ	ਉ
ਪ	ਪ	ਪ	ਪ	ਪ	ਧ	ਪ	ਪ	ਮ	ਮ	ਮ	ਗ	ਰ	ਰ	ਸ	ਨ਼
ਤੁ	ਮ	ਰੀ	ਕ	ਰ	ਉ	ਨਿ	ਤ	ਆ	–	–	ਸ	ਪ੍ਰ	ਭ	ਮੋ	ਹਿ
ਰ	ਪ	ਮ	ਮ	ਗ	ਰ	ਸ	ਨ਼	ਸ	ਸ	ਸ	ਸ	ਸ	ਸ		
ਕ	ਬ	ਗ	ਲਿ	ਲਾ	–	ਵ	ਹਿ	ਗੇ	–	–	–	–	–		
X				0				X				0			

ਅੰਤਰਾ

ਮ	ਮ	ਮ	ਮ	ਮ	ਮ	ਮ	ਗ	ਪ	ਪ	ਪ	ਪ	ਪ	ਪ	ਪ	ਧ
ਪ੍ਰ	–	ਭ	–	ਕੀ	–	ਜੈ	–	ਕ੍ਰਿ	–	ਪਾ	ਨਿ	ਧਾ	–	ਨ	–
ਨ	ਨ	ਨ	ਸੰ	ਧ	ਪ	ਮ	ਗ	ਮ	ਧ਼	ਧ	ਧ	ਪ	ਪ	ਪ	ਪ
ਹ	–	ਮ	–	ਹ	ਰਿ	ਗੁ	ਨ	ਗਾ	–	ਵ	ਹ	ਗੇ	–	–	–
ਸੰ	ਸੰ	ਸੰ	ਰੰ	ਨੁ	ਨੁ	ਧ	ਪ	ਪ	ਧ	ਪ	ਮ	ਗ	ਗ	ਰ	ਰ
ਹ	ਉ	–	–	ਤੁ	ਮ	ਰੀ	–	ਕ	ਰਉ	ਨਿ	ਤ	ਆ	–	ਸ	–
ਗ	ਪ	ਮ	ਮ	ਗ	ਗ	ਰ	ਰ	ਸ	–	ਸ	ਸ	ਸ	–		
ਪ੍ਰ	ਭ	ਮੋ	ਹਿ	ਕ	ਬ	ਗ	ਲਿ	ਲਾ	–	ਵ	ਹਿ	ਗੇ	–		
X				0				X				0			

ਰਾਗੁ ਆਸਾ ਸੂਲਫਾਕਤਾ ਤਾਲ

ਪਉੜੀ ॥

ਸਸਾ ਸਰਨਿ ਪਰੇ ਅਬ ਹਾਰੇ ॥ ਸਾਸਤ੍ਰ ਸਿਮ੍ਰਿਤਿ ਬੇਦ ਪੂਕਾਰੇ ॥
ਸੋਧਤ ਸੋਧਤ ਸੋਧਿ ਬੀਚਾਰਾ ॥ ਬਿਨੁ ਹਰਿ ਭਜਨ ਨਹੀ ਛੁਟਕਾਰਾ ॥
ਸਾਸਿ ਸਾਸਿ ਹਮ ਭੂਲਨਹਾਰੇ ॥ ਤੁਮ ਸਮਰਥ ਅਗਨਤ ਅਪਾਰੇ ॥
ਸਰਨਿ ਪਰੇ ਕੀ ਰਾਖੁ ਦਇਆਲਾ ॥ ਨਾਨਕ ਤੁਮਰੇ ਬਾਲ ਗੁਪਾਲਾ ॥੪੮॥

(ਪੰਨਾ 260)

ਸਥਾਈ

ਧ	ਧ	ਧ	ਧ	ਪ	ਧ	ਪ	ਪ	ਪ	ਪ
ਸਾ	-	ਸਿ	ਸਾ	-	ਸਿ	ਹ	ਮ	-	-
ਗ	ਗ	ਰ	ਸ	ਰ	ਰ	ਰ	ਸ	ਸ	ਸ
ਭੂ	-	ਲ	ਨ	ਹਾ	-	-	ਰੇ	-	-
ਮ	ਮ	ਮ	ਮ	ਮ	ਮ	ਮ	ਮ	ਮ	ਮ
ਤੁ	ਮ	ਸ	ਮ	ਰ	-	-	ਥ	-	-
ਪ	ਪ	ਧ	ਨ	ਧ	ਧ	ਧ	ਪ	ਪ	ਪ
ਅਗ	ਨ	ਤ	ਅ	ਪਾ	-	-	ਰੇ	-	-

ਅੰਤਰਾ

ਪ	ਪ	ਪ	ਪ	ਪ	ਧ	ਸਂ	ਸਂ	ਸਂ	ਸਂ
ਸ	ਰ	ਨਿ	ਪ	ਰੇ	-	-	ਕੀ	-	-
ਨ	ਨ	ਧ	ਪ	ਧ	ਧ	ਧ	ਪ	ਪ	ਮ
ਰਾ	-	ਖੁ	ਦਇ	ਆ	-	-	ਲਾ	-	-
ਧ	ਧ	ਧ	ਧ	ਪ	ਧ	ਪ	ਪ	ਪ	ਪ
ਨਾ	-	ਨ	ਕ	ਤੁ	ਮ	ਰੇ	-	-	
ਗ	ਗ	ਰ	ਸ	ਰ	ਰ	ਸ	ਸ	ਸ	ਸ
ਬਾ	-	ਲ	ਗੁ	ਪਾ	-	-	ਲਾ	-	-
X		0		2		3		4	

ਰਾਗੁ ਆਸਾ ਇਕ ਤਾਲ ਦਰੁਤ

ਸੂਹੀ ਮਹਲਾ ੫ ॥

ਬੁਰੇ ਕਾਮ ਕਉ ਊਠਿ ਖਲੋਇਆ ॥ ਨਾਮ ਕੀ ਬੇਲਾ ਪੈ ਪੈ ਸੋਇਆ ॥੧॥ ਅਉਸਰੁ ਅਪਨਾ ਬੂਝੈ ਨ ਇਆਨਾ ॥ ਮਾਇਆ ਮੋਹ ਰੰਗਿ ਲਪਟਾਨਾ ॥੧॥ਰਹਾਉ॥ ਲੋਭ ਲਹਰਿ ਕਉ ਬਿਗਸਿ ਫੂਲਿ ਬੈਠਾ ॥ ਸਾਧ ਜਨਾ ਕਾ ਦਰਸੁ ਨ ਡੀਠਾ ॥੨॥ ਕਬਹੂ ਨ ਸਮਝੈ ਅਗਿਆਨੁ ਗਵਾਰਾ ॥ ਬਹੁਰਿ ਬਹੁਰਿ ਲਪਟਿਓ ਜੰਜਾਰਾ ॥੧॥ਰਹਾਉ॥


(ਪੰਨਾ 738)

ਸਥਾਈ

		ਮ	ਮ	ਮ	ਗ	ਮ	ਪ	ਪ	ਪ	ਪ	ਪ
		ਬੁ	–	ਰੇ	–	ਕਾ	–	ਮ	ਕਉ	–	–
ਪ	ਪ	ਪ	ਪ	ਪ	ਧ	ਨ	ਨ	ਸੰ	ਨ	ਧ	ਪ
–	–	ਊ	–	ਠਿ	ਖ	ਲੋ	–	ਇ	ਆ	–	–
ਧ	ਪ	ਧ	ਧ	ਧ	ਧ	ਪ	ਧ	ਪ	ਪ	ਗ	ਮ
–	–	ਨਾ	–	ਮ	ਕੀ	ਬੇ	–	ਲਾ	–	–	–
–	–	ਪ	ਧ	ਪ	ਮ	ਗ	ਗ	ਮ	ਗ	ਰ	ਸ
–	–	ਪੈ	–	ਪੈ	–	ਸੋ	–	ਇ	ਆ	–	–
X		0		2		0		3		4	

ਅੰਤਰਾ

		ਸੰ	ਸੰ	ਸੰ	ਸੰ	ਨ	ਨ	ਸੰ	ਸੰ	ਸੰ	ਸੰ
		ਅ	ਉ	ਸ	ਰੁ	ਅ	ਪ	ਨਾ	–	–	–
ਸੰ	ਸੰ	ਸੰ	ਸੰ	ਸੰ	ਨ	ਸੰ	ਰੰ	ਸੰ	ਨ	ਧ	ਪ
–	–	ਬੂ	ਝੈ	ਨ	ਇ	ਆ	–	ਨਾ	–	–	–
ਧ	ਪ	ਮ	ਮ	ਮ	ਗ	ਮ	ਪ	ਪ	ਪ	ਪ	ਪ
–	–	ਮਾ	–	ਇ	ਆ	ਮੋ	–	ਹ	–	–	–
ਪ	ਪ	ਪ	ਪ	ਪ	ਧ	ਨ	ਨ	ਸੰ	ਨ	ਧ	ਪ
–	–	ਰੰ	ਗਿ	ਲ	ਪ	ਟਾ	–	ਨਾ	–	–	–
ਧ	ਪ	ਧ	ਧ	ਧ	ਧ	ਪ	ਧ	ਪ	ਪ	ਗ	ਮ
–	–	ਮਾ	–	ਇ	ਆ	ਮੋ	–	ਹ	–	–	–
–	–	ਪ	ਧ	ਪ	ਮ	ਗ	ਗ	ਮ	ਗ	ਰ	ਸ
–	–	ਰੰ	ਗਿ	ਲ	ਪ	ਟਾ	–	ਨਾ	–	–	–
ਰ	ਸ										
–	–										
X		0		2		0		3		4	



ਰਾਗੁ ਆਸਾ ਕਹਿਰਵਾ ਤਾਲ

ਧਨਾਸਰੀ ਮਹਲਾ ੫ ॥

ਮਾਂਗਉ ਰਾਮ ਤੇ ਇਕੁ ਦਾਨੁ ॥ ਸਗਲ ਮਨੋਰਥ ਪੂਰਨ ਹੋਵਹਿ ਸਿਮਰਉ ਤੁਮਰਾ ਨਾਮੁ ॥੧॥ਰਹਾਉ॥ ਚਰਨ ਤੁਮ੍ਾਰੇ ਹਿਰਦੈ ਵਾਸਹਿ ਸੰਤਨ ਕਾ ਸੰਗੁ ਪਾਵਉ ॥ ਸੋਗ ਅਗਨਿ ਮਹਿ ਮਨੁ ਨ ਵਿਆਪੈ ਆਠ ਪਹਰ ਗੁਣ ਗਾਵਉ ॥੧॥ ਸ੍ਵਸਤਿ ਬਿਵਸਥਾ ਹਰਿ ਕੀ ਸੇਵਾ ਮਧੵੰਤ ਪ੍ਰਭ ਜਾਪਣ ॥ ਨਾਨਕ ਰੰਗੁ ਲਗਾ ਪਰਮੇਸਰ ਬਾਹੁੜਿ ਜਨਮ ਨ ਛਾਪਣ ॥੨॥੧੮॥੪੯॥

(ਪੰਨਾ 682)

ਸਥਾਈ

												ਮ	ਪ	ਧ	ਧ
												ਮਾਂ	-	ਗ	ਉ
-	ਸਂ	ਧ	ਪ	ਗ	ਸ	ਰ	ਗ	ਗ	-	ਸ	-	-	-	-	-
-	ਰਾ	-	ਮ	ਤੇ	-	ਇ	ਕੁ	ਦਾ	-	ਨੁ	-	-	-	-	-
ਮ	ਮ	ਮ	ਮ	ਮ	-	ਗ	ਗ	ਪ	ਪ	ਧ	ਨ	ਧ	ਧ	ਪ	ਪ
ਸ	ਗ	ਲ	ਮ	ਨੋ	-	ਰ	ਥ	ਪੂ	-	ਰ	ਨ	ਹੋ	-	ਵ	ਹਿ
-	ਗ	ਗ	ਗ	ਪ	ਪ	ਧ	ਧ	ਸਂ	-	ਧ	ਪ				
-	ਸਿਮ	ਰ	ਉ	ਤੁ	ਮ	ਰਾ	-	ਨਾ	-	ਮੁ	-				
x				0				x				0			

ਅੰਤਰਾ

-	ਗ	ਗ	ਗ	ਪ	ਪ	ਧ	ਧ	ਸਂ	ਸਂ	ਸਂ	ਸਂ	ਸਂ	ਸਂ	ਸਂ	ਸਂ
-	ਚਰ	ਨ	ਤੁ	ਮ੍ਾ	-	ਰੇ	-	ਹਿ	ਰ	ਦੈ	-	ਵਾ	-	ਸ	ਹਿ
-	ਸਂ	ਨ	ਧ	ਪ	ਮ੍	ਪ	ਨ	ਧ	ਧ	ਧ	ਧ	ਪ	ਪ	ਪ	ਪ
-	ਸੰ	ਤ	ਨ	ਕਾ	-	ਸੰ	ਗੁ	ਪਾ	-	ਵ	ਉ	-	-	-	-
-	ਨ	ਨ	ਸਂ	ਧ	ਮ	ਪ	ਪ	ਗ	ਗ	ਗ	ਮ	ਗ	ਰ	ਸ	-
-	ਸੋ	ਗ	ਅ	ਗ	ਨਿ	ਮ	ਹਿ	ਮ	ਨੁ	ਨ	ਵਿ	ਆ	-	ਪੈ	-
-	ਮ	ਮ	ਮ	ਪ	ਮ੍	ਧ	ਨ	ਧ	ਧ	ਪ	ਪ	ਮ	ਪ	ਧ	ਸਂ
-	ਆ	ਠ	ਪ	ਹ	ਰ	ਗੁ	ਣ	ਗਾ	-	ਵ	ਉ	ਮਾਂ	-	ਗ	ਉ
x				0				x				0			

ਰਾਗੁ ਆਸਾ ਛੋਟਾ ਤਿੰਨ ਤਾਲ

ਸੋਰਠਿ ਮਹਲਾ ੫ ॥

ਪਰਮੇਸਰਿ ਦਿਤਾ ਬੰਨਾ ॥ ਦੁਖ ਰੋਗ ਕਾ ਡੇਰਾ ਭੰਨਾ ॥ ਅਨਦ ਕਰਹਿ ਨਰ ਨਾਰੀ ॥ ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥੧॥ ਸੰਤਹੁ ਸੁਖੁ ਹੋਆ ਸਭ ਥਾਈ ॥ ਪਾਰਬ੍ਰਹਮੁ ਪੂਰਨ ਪਰਮੇਸਰੁ ਰਵਿ ਰਹਿਆ ਸਭਨੀ ਜਾਈ ॥ਰਹਾਉ॥ ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥ ਦਇਆਲ ਪੁਰਖ ਮਿਹਰਵਾਨਾ ॥ ਹਰਿ ਨਾਨਕ ਸਾਚੁ ਵਖਾਨਾ ॥੨॥੧੩॥੭੭॥

(ਪੰਨੇ 627-28)

ਸਥਾਈ

						ਸੰ	ਸੰ	ਸੰ	ਸੰ	ਸੰ	ਸੰ	ਸੰ	ਸੰ	ਸੰ	ਸੰ
						ਧੁ	ਰ	ਕੀ	–	–	ਬਾ	–	–	ਣੀ	–
ਨ	ਰੰ	ਸੰ	ਨ	ਧ	ਪ	ਮ	ਗ	ਗ	ਗ	ਗ	ਪ	ਪ	ਧ	ਪ	ਧ
ਆ	–	ਈ	–	–	–	ਤਿ	ਨਿ	–	–	–	ਸਗਂ	ਲੀ	ਚਿੰ	ਤ	ਮਿ
ਸੰ	ਸੰ	ਸੰ	ਸੰ	ਸੰ	ਸੰ										
ਟਾ	–	–	–	ਈ	–										
X				2				0				3			

ਅੰਤਰਾ

								ਪ	ਪ	ਪ	ਪ	ਧ	ਸੰ	ਰੰ	ਗੰ
								ਪਰ	ਮੇ	ਸ	ਰਿ	ਦਿ	–	ਤਾ	–
ਰੰ	ਗੰ	ਰੰ	ਰੰ	ਸੰ	ਸੰ	ਸੰ	ਸੰ	ਸੰ	ਗੰ	ਰੰ	ਸੰ	ਨ	ਧ	ਪ	ਧ
ਬੰ	–	ਨਾ	–	–	–	ਦੂ	ਖ	ਰੋ	–	ਗ	ਕਾ	ਡੇ	–	ਰਾ	–
ਸੰ	ਸੰ	ਸੰ	ਸੰ	ਸੰ	ਸੰ										
ਭੰ	–	ਨਾ	–	–	–										
X				2				0				3			

ਰਾਗੁ ਆਸਾ ਮਾਂਡ ਦੀਪਚੰਦੀ ਤਾਲ

ਮਾਲੀ ਗਉੜਾ ਮਹਲਾ ੫ ॥

ਐਸੋ ਸਹਾਈ ਹਰਿ ਕੋ ਨਾਮ ॥ ਸਾਧਸੰਗਤਿ ਭਜੁ ਪੂਰਨ ਕਾਮ ॥੧॥ਰਹਾਉ॥ ਬੂਡਤ ਕਉ ਜੈਸੇ ਬੇੜੀ ਮਿਲਤ ॥ ਬੂਝਤ ਦੀਪਕ ਮਿਲਤ ਤਿਲਤ ॥ ਜਲਤ ਅਗਨੀ ਮਿਲਤ ਨੀਰ ॥ ਜੈਸੇ ਬਾਰਿਕ ਮੁਖਹਿ ਖੀਰ ॥੧॥ ਜੈਸੇ ਰਣ ਮਹਿ ਸਖਾ ਭ੍ਰਾਤ ॥ ਜੈਸੇ ਭੂਖੇ ਭੋਜਨ ਮਾਤ ॥ ਜੈਸੇ ਕਿਰਖਹਿ ਬਰਸ ਮੇਘ ॥ ਜੈਸੇ ਪਾਲਨ ਸਰਨਿ ਸੇਂਘ ॥੨॥ ਗਰੁੜ ਮੁਖਿ ਨਹੀ ਸਰਪ ਤ੍ਰਾਸ ॥ ਸੂਆ ਪਿੰਜਰਿ ਨਹੀ ਖਾਇ ਬਿਲਾਸੁ ॥ ਜੈਸੋ ਆਂਡੋ ਹਿਰਦੇ ਮਾਹਿ ॥ ਜੈਸੋ ਦਾਨੋ ਚਕੀ ਦਰਾਹਿ ॥੩॥ ਬਹੁਤੁ ਓਪਮਾ ਥੋਰ ਕਹੀ ॥ ਹਰਿ ਅਗਮ ਅਗਮ ਅਗਾਧਿ ਤੂਹੀ ॥ ਊਚ ਮੂਚੌ ਬਹੁ ਅਪਾਰ ॥ ਸਿਮਰਤ ਨਾਨਕ ਤਰੇ ਸਾਰ ॥੪॥੩॥

(ਪੰਨੇ 986-87)

ਸਥਾਈ			ਮ	ਮ	ਮ	ਗ	ਪ	ਪ	ਪ	ਧ	ਨ	ਧ	ਧ
			ਐ	–	ਸੋ	ਸ	ਹਾ	–	–	ਈ	–	–	–
ਧ	ਧ	ਧ	ਸੰ	ਸੰ	ਸੰ	ਸੰ	ਸੰ	ਸੰ	ਸੰ	ਨ	ਨ	ਧ	ਧ
–	–	–	ਹ	ਰਿ	ਕੋ	–	ਨਾ	–	–	ਮ	–	–	–
ਪ	ਪ	ਪ	ਧ	ਧ	ਧ	ਧ	ਪ	ਸੰ	ਧ	ਪ	ਪ	ਮ	ਮ
–	–	–	ਸਾ	–	ਧ	ਸੰ	ਗ	ਤਿ	–	ਭ	–	ਜੁ	–
ਮ	ਮ	ਮ	ਪ	ਸੰ	ਧ	ਪ	ਮ	ਮ	ਮ	ਗ	ਗ	ਰ	ਰ
–	–	–	ਪੂ	–	ਰ	ਨ	ਕਾ	–	–	ਮ	–	–	–
ਸ	ਸ	ਸ											
–	–	–											
X			2				0			3			
ਅੰਤਰਾ			ਸੰ	ਸੰ	ਸੰ	ਸੰ	ਸੰ	ਸੰ	ਸੰ	ਸੰ	ਸੰ	ਸੰ	ਸੰ
			ਬੂ	–	ਡ	ਤ	ਕ	ਉ	–	ਜੈ	–	ਸੇ	–
ਸੰ	ਸੰ	ਸੰ	ਸੰ	ਸੰ	ਸੰ	ਨ	ਸੰ	ਰੰ	ਸੰ	ਨ	ਨ	ਧ	ਧ
–	–	–	ਬੇ	–	ੜੀ	–	ਮਿ	ਲ	–	ਤ	–	–	–
ਧ	ਧ	ਧ	ਮ	ਮ	ਮ	ਗ	ਪ	ਪ	ਪ	ਧ	ਨ	ਧ	ਧ
–	–	–	ਬੂ	–	ਝ	ਤ	ਦੀ	–	–	ਪ	ਕ	–	–
ਧ	ਧ	ਧ	ਸੰ	ਸੰ	ਸੰ	ਸੰ	ਸੰ	ਸੰ	ਸੰ	ਨੁ	ਨੁ	ਧ	ਧ
–	–	–	ਮਿ	–	ਲ	ਤ	ਤਿ	ਲ	–	ਤ	–	–	–
ਧ	ਧ	ਧ	ਧ	ਧ	ਧ	ਧ	ਨੁ	ਨੁ	ਨੁ	ਧ	ਧ	ਪ	ਪ
–	–	–	ਐ	–	ਸੋ	ਸ	ਹਾ	–	–	ਈ	–	–	–
ਪ	ਪ	ਪ	ਪ	ਸੰ	ਧ	ਪ	ਮ	ਮ	ਮ	ਗ	ਗ	ਰ	ਰ
–	–	–	ਹ	ਰਿ	ਕੋ	–	ਨਾ	–	–	ਮ	–	–	–
ਸ	–	–											
–	–	–											
X			2				0			3			

ਰਾਗੁ ਆਸਾ ਮਾਂਡ ਤਿੰਨ ਤਾਲ

ਆਸਾ ਮਹਲਾ ੫ ॥

ਸਤਿਗੁਰ ਸਾਚੈ ਦੀਆ ਭੇਜਿ ॥ ਚਿਰੁ ਜੀਵਨੁ ਉਪਜਿਆ ਸੰਜੋਗਿ ॥ ਉਦਰੈ ਮਾਹਿ ਆਇ ਕੀਆ ਨਿਵਾਸੁ ॥ ਮਾਤਾ ਕੈ ਮਨਿ ਬਹੁਤੁ ਬਿਗਾਸੁ ॥੧॥ ਜੰਮਿਆ ਪੂਤੁ ਭਗਤੁ ਗੋਵਿੰਦ ਕਾ ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ॥ਰਹਾਉ॥ ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ ॥ ਮਿਟਿਆ ਸੋਗੁ ਮਹਾ ਅਨੰਦੁ ਥੀਆ ॥ ਗੁਰਬਾਣੀ ਸਖੀ ਅਨੰਦੁ ਗਾਵੈ ॥ ਸਾਚੇ ਸਾਹਿਬ ਕੈ ਮਨਿ ਭਾਵੈ ॥੨॥ ਵਧੀ ਵੇਲਿ ਬਹੁ ਪੀੜੀ ਚਾਲੀ ॥ ਧਰਮ ਕਲਾ ਹਰਿ ਬੰਧਿ ਬਹਾਲੀ ॥ ਮਨ ਚਿੰਦਿਆ ਸਤਿਗੁਰੂ ਦਿਵਾਇਆ ॥ ਭਏ ਅਚਿੰਤ ਏਕ ਲਿਵ ਲਾਇਆ ॥੩॥ ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ ॥ ਬੁਲਾਇਆ ਬੋਲੈ ਗੁਰ ਕੈ ਭਾਣਿ ॥ ਗੁਝੀ ਛੰਨੀ ਨਾਹੀ ਬਾਤ ॥ ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥੪॥੭॥੧੦੧॥


(ਪੰਨਾ 396)

ਸਥਾਈ

								ਰ	ਰ	ਮ	ਮ	ਪ	ਪ	ਧ	ਧ
								ਗੁ	-	ਝੀ	-	ਛੰ	-	ਨੀ	-
ਨੁ	ਨੁ	ਧ	ਪ	ਮ	ਗ	ਰ	ਸ	ਗ	ਗ	ਪ	ਧ	ਸੰ	ਨੁ	ਧ	ਪ
ਨਾ	-	ਹੀ	-	ਬਾ	-	ਤ	-	ਗੁ	ਰੁ	ਨਾ	ਨਕੁ	ਤੁ	-	ਠਾ	-
ਪ	ਧ	ਮ	ਮ	ਗ	ਰ	ਸ	ਸ								
ਕੀ	-	ਨੀ	-	ਦਾ	-	ਤਿ	-								
X				2				0				3			

ਅੰਤਰਾ

								ਗ	ਗ	ਪ	ਧ	ਸੰ	ਸੰ	ਸੰ	ਸੰ
								ਜੰ	ਮਿ	ਆ	-	ਪੂ	-	ਤੁ	-
ਸੰ	ਸੰ	ਰੰ	ਗੰ	ਸੰ	ਨੁ	ਧ	ਪ	ਧ	ਧ	ਧ	ਧ	ਨੁ	ਨੁ	ਧ	ਪ
ਭ	ਗ	ਤੁ	ਗੋ	ਵਿੰ	ਦ	ਕਾ	-	ਪ੍ਰ	ਗ	ਟਿ	ਆ	ਸ	ਭ	ਮ	ਹਿ
ਪ	ਧ	ਮ	ਮ	ਗ	ਰ	ਸ	ਸ								
ਲਿ	ਖਿ	ਆ	-	ਧੁ	ਰ	ਕਾ	-								
X				2				0				3			



ਰਾਗੁ ਮਾਂਝ ਦੀਪਚੰਦੀ ਤਾਲ

ਗੋਂਡ ਮਹਲਾ ੪ ॥

ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ ਜਿਉ ਤ੍ਰਿਖਾਵੰਤੁ ਬਿਨੁ ਨੀਰ ॥੧॥ ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ ॥ ਹਮਰੀ ਬੇਦਨ ਹਰਿ ਪ੍ਰਭੁ ਜਾਨੈ ਮੇਰੇ ਮਨ ਅੰਤਰ ਕੀ ਪੀਰ ॥੧॥ਰਹਾਉ॥ ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ ਸੋ ਭਾਈ ਸੋ ਮੇਰਾ ਬੀਰ ॥੨॥ ਮਿਲੁ ਮਿਲੁ ਸਖੀ ਗੁਣ ਕਹੁ ਮੇਰੇ ਪ੍ਰਭ ਕੇ ਲੇ ਸਤਿਗੁਰ ਕੀ ਮਤਿ ਧੀਰ ॥੩॥ ਜਨ ਨਾਨਕ ਕੀ ਹਰਿ ਆਸ ਪੁਜਾਵਹੁ ਹਰਿ ਦਰਸਨਿ ਸਾਂਤਿ ਸਰੀਰ ॥੪॥੬॥ਛਕਾ॥੧॥

(ਪੰਨਾ 861)

ਸਥਾਈ

			ਰ	ਰ	ਮ	ਮ	ਪ	ਪ	ਪ	ਧ	ਪ	ਧ	ਧ
			ਪ੍ਰੇ	–	ਮ	ਲ	ਗੋ	–	–	ਹ	–	ਰਿ	–
ਸਂ	–	–	ਸਂ	ਸਂ	ਸਂ	ਸਂ	ਪ	ਧ	ਧ	ਮ	ਗ	ਰ	ਸ
ਤੀ	–	–	–	–	–	ਰ	ਮੇ	ਰੈ	–	ਮ	–	ਨਿ	–
ਸ	ਸ	ਸ											
–	–	–											
x			2				0			3			

ਅੰਤਰਾ

			ਪ	ਪ	ਧ	ਧ	ਸਂ	ਸਂ	ਸਂ	ਸਂ	ਸਂ	ਸਂ	ਸਂ
			ਹ	ਮ	ਰੀ	–	ਬੇ	–	–	ਦ	ਨ	–	–
ਸਂ	ਸਂ	ਸਂ	ਧ	ਧ	ਸਂ	ਸਂ	ਰਂ	ਗਂ	ਗਂ	ਸਂ	ਸਂ	ਨੂ	ਨੂ
–	–	–	ਹ	ਰਿ	ਪ੍ਰ	ਭੁ	ਜਾ	–	–	ਨੈ	–	–	–
ਧ	ਪ	ਪ	ਪ	ਪ	ਪ	ਪ	ਪ	ਧ	ਪ	ਮ	ਮ	ਗ	ਗ
–	–	–	ਮੇ	ਰੇ	ਮ	ਨ	ਅੰ	–	–	ਤ	–	ਰ	–
ਰ	ਸ	ਸ	ਸ	ਸ	ਰ	ਗ	ਸ	ਰ	ਰ	ਸ	ਸ	ਸ	ਸ
–	–	–	ਕੀ	–	–	–	ਪੀ	–	–	ਰ	–	–	–
ਸ	ਸ	ਸ											
–	–	–											
x			2				0			3			

ਰਾਗੁ ਮਾਂਡ ਦੀਪਚੰਦੀ ਤਾਲ

ਸੋਰਠਿ ਮਹਲਾ ੯ ॥

ਮਨ ਰੇ ਕਉਨੁ ਕੁਮਤਿ ਤੈ ਲੀਨੀ ॥ ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹਿ ਕੀਨੀ ॥੧॥ਰਹਾਉ॥ ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ ॥ ਅੰਤਿ ਸੰਗ ਕਾਹੂ ਨਹੀ ਦੀਨਾ ਬਿਰਥਾ ਆਪੁ ਬੰਧਾਇਆ ॥੧॥ ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ ॥ ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ ॥੨॥ ਬਹੁਤੁ ਜਨਮ ਭਰਮਤ ਤੈ ਹਾਰਿਓ ਅਸਥਿਰ ਮਤਿ ਨਹੀ ਪਾਈ ॥ ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ ॥੩॥੩॥

(ਪੰਨੇ 631-32)

ਸਥਾਈ

			ਰ	ਰ	ਮ	ਮ	ਪ	ਪ	ਪ	ਧ	ਪ	ਧ	–
			ਕ	ਉ	ਨੁ	ਕੁ	ਮ	ਤਿ	–	ਤੈ	–	–	–
ਨੁ	–	–	ਧ	ਧ	ਪ	–	ਪ	ਧ	ਧ	ਮ	ਮ	ਗ	ਗ
ਲੀ	–	–	ਨੀ	–	–	–	ਮ	ਨ	–	ਰੇ	–	–	–
ਰ	ਸ	–	ਗ	ਗ	ਪ	ਧ	ਸੰ	ਸੰ	ਸੰ	ਨੁ	ਨੁ	ਧ	ਧ
–	–	–	ਪ	ਰ	ਦਾ	–	ਰਾ	–	–	–	–	–	–
ਪ	–	–	ਪ	ਧ	ਧ	ਧ	ਮ	ਮ	ਮ	ਗ	ਗ	ਰ	ਰ
–	–	–	ਨਿੰਦਿ	ਆ	ਰ	ਸ	ਰ	ਚਿ	–	ਓ	–	–	–
ਸ	–	–	ਰ	ਰ	ਮ	ਮ	ਪ	ਪ	ਪ	ਧ	ਪ	ਧ	–
–	–	–	ਰਾ	–	ਮ	ਭ	ਗ	ਤਿ	–	ਨ	–	ਹਿ	–
ਨੁ	–	–	ਧ	ਧ	ਪ	–	ਮਨ ਰੇ						
ਕੀ	–	–	ਨੀ	–	–	–							
X			2				0			3			

ਅੰਤਰਾ

			ਗ	ਗ	ਪ	ਧ	ਸਂ	ਸਂ	ਸਂ	ਸਂ	ਸਂ	ਸਂ	ਸਂ
			ਮੁ	ਕ	ਤਿ	–	ਪੰ	–	–	ਥੁ	–	–	–
ਸਂ	ਸਂ	ਸਂ	ਧ	ਧ	ਸਂ	ਸਂ	ਰਂ	ਗਂ	ਗਂ	ਸਂ	ਸਂ	ਨੁ	ਨੁ
–	–	–	ਜਾ	ਨਿਓ	ਤੈ	–	ਨਾ	–	–	ਹ	–	ਨਿ	–
ਧ	ਪ	ਪ	ਗ	ਗ	ਪ	ਧ	ਸਂ	ਸਂ	ਸਂ.	ਨੁ	ਨੁ	ਧ	ਧ
–	–	–	ਧ	ਨ	ਜੋ	–	ਰ	ਨ਼	–	ਕ	ਉ	–	–
ਪ	–	–	ਪ	ਧ	ਧ	ਧ	ਮ	ਮ	ਮ	ਗ	ਗ	ਰ	ਰ
–	–	–	ਧਾ	–	–	ਇ	ਆ	–	–	–	–	–	–
ਸ	–	–											
–	–	–											
X			2				0			3			

"ਅੰਤਿ ਸੰਗ" ਸ਼ਬਦ ਦੀ ਦੂਸਰੀ ਪੰਗਤੀ ਅੰਤਰੇ ਅਨੁਸਾਰ ਲਗਾਉ।

ਇਸੇ ਰੀਤ 'ਤੇ "ਨਾਮੁ ਮਹਾ ਰਸੁ ਪੀਓ" ਸ਼ਬਦ ਵੀ ਗਾਇਨ ਕੀਤਾ ਹੈ।

(ਅੰਮ੍ਰਿਤ ਕੀਰਤਨ, ਪੰਨਾ 411)

ਦੀਪਚੰਦੀ ਤਾਲ

1	2	3	4	5	6	7	8	9	10	11	12	13	14
ਧਾ	ਧਿੰ	–	ਧਾ	ਗੇ	ਤਿੰ	–	ਤਾ	ਤਿੰ	–	ਧਾ	ਗੇ	ਧਿੰ	–
X			2				0			3			

ਰਾਗੁ ਆਸਾਵਰੀ ਤਿੰਨ ਤਾਲ

ਗੂਜਰੀ ਮਹਲਾ ੫ ਘਰੁ ੨

੧ੴ ਸਤਿਗੁਰ ਪ੍ਰਸਾਦਿ ॥

